# ECHO OF HIS CALL

# ਯਿਸੂ ਮਸੀਹ ਦੇ ਬੁਲਾਵੇ ਦੀ ਗੂੰਜ

PUNJABI

India's National Spiritual Newspaper

₹ 10/-

ECHO OF HIS CALL 1969-2019 GOLDEN JUBILEE

Published monthly in ENGLISH, TAMIL, MALAYALAM, TELUGU, HINDI, KANNADA, MARATHI, BENGALI, GUJARATI, ODIYA, ASSAMESE, PUNJABI, NEPALI, URDU, SINHALA & AFRIKAANS

Editor : S. SAM SELVA RAJ | 16 Languages | Associate Editor : Bro. Vishwas Masih

VOL. XX | YEAR OF OUR LORD JESUS CHRIST, FEBRUARY 2020 | NO. 12


ਪਵਿੱਤਰ ਬਾਈਬਲ

ਕਿਰਪਾ ਕਰਕੇ ਇਸ ਹਿੱਸੇ ਨੂੰ ਯਾਦ ਕਰੋ

**PRAISE THE LORD**

ਜ਼ਬੂਰ 20:1-9

1. ਬਿਪਤਾ ਦੇ ਦਿਨ ਯਹੋਵਾਹ ਤੈਨੂੰ ਉੱਤਰ ਦੇਵੇ, ਯਾਕੂਬ ਦੇ ਪ੍ਰਮੇਸ਼ਵਰ ਦਾ ਨਾਮ ਤੈਨੂੰ ਉੱਚਿਆਂ ਕਰੇਂ।
2. ਉਹ ਪਵਿੱਤਰ ਸਥਾਨ ਤੋਂ ਤੇਰੀ ਸਹਾਇਤਾ ਘੱਲੇ ਅਤੇ ਸੀਯੋਨ ਤੋਂ ਤੈਨੂੰ ਸੰਭਾਲੇ।
3. ਤੇਰੀਆਂ ਸਾਰੀਆਂ ਭੇਟਾਂ ਨੂੰ ਚੇਤੇ ਰੱਖੇ ਅਤੇ ਤੇਰੀਆਂ ਹੋਮ ਬਲੀਆਂ ਨੂੰ ਕਬੂਲ ਕਰੇ।
4. ਉਹ ਤੇਰੇ ਮਨੋਰਥ ਅਨੁਸਾਰ ਤੈਨੂੰ ਦੇਵੇ ਅਤੇ ਤੇਰੇ ਸਾਰੇ ਮੱਤੇ ਨੂੰ ਪੂਰਾ ਕਰੇ।
5. ਅਸੀਂ ਤੇਰੇ ਬਚਾਓ ਦੇ ਕਾਰਨ ਜੈਜੈਕਾਰ ਕਰਾਂਗੇ ਅਤੇ ਆਪਣੇ ਪ੍ਰਮੇਸ਼ਵਰ ਦੇ ਨਾਮ ਤੋਂ ਆਪਣੇ ਝੰਡੇ ਖੜੇ ਕਰਾਂਗੇ।
6. ਹੁਣ ਮੈਂ ਜਾਤਾ ਭਈ ਯਹੋਵਾਹ ਆਪਣੇ ਮਸਹ ਕੀਤੇ ਹੋਏ ਨੂੰ ਬਚਾਉਂਦਾ ਹੈ, ਉਹ ਆਪਣੇ ਪਵਿੱਤਰ ਸੁਰਗੋਂ ਉਹ ਨੂੰ ਉੱਤਰ ਦੇਵੇਗਾ, ਆਪਣੇ ਸੱਜੇ ਹੱਥ ਦੀ ਬਚਾਉਣ ਵਾਲੀ ਸਮਰੱਥਾ ਨਾਲ।
7. ਕੋਈ ਰੱਥਾਂ ਨੂੰ ਅਰ ਕੋਈ ਘੋੜਿਆਂ ਨੂੰ ਪਰ ਅਸੀਂ ਯਹੋਵਾਹ ਆਪਣੇ ਪ੍ਰਮੇਸ਼ਵਰ ਦੇ ਨਾਮ ਨੂੰ ਯਾਦ ਕਰਾਂਗੇ।
8. ਉਹ ਝੁਕੇ ਅਤੇ ਡਿੱਗ ਪਏ ਹਨ, ਪਰ ਅਸੀਂ ਉੱਠੇ ਅਤੇ ਸਿੱਧੇ ਖਲੋ ਗਏ ਹਾਂ।
9. ਹੇ ਯਹੋਵਾਹ, ਬਚਾ ਲੈ! ਸਾਡੀ ਪੁਕਾਰ ਦੇ ਵੇਲੇ ਪਾਤਸ਼ਾਹ ਸਾਨੂੰ ਉੱਤਰ ਦੇਵੇ।ਅਸੀਂ ਯਹੋਵਾਹ ਆਪਣੇ ਪ੍ਰਮੇਸ਼ਵਰ ਦੇ ਨਾਮ ਨੂੰ ਯਾਦ ਕਰਾਂਗੇ।

# FRAME YOUR FUTURE YOURSELF!
## ਆਪਣੇ ਭਵਿੱਖ ਨੂੰ ਖੁਦ ਬਣਾਓ!

"ਤੁਸੀਂ ਯਹੋਵਾਹ ਆਪਣੇ ਪ੍ਰਮੇਸ਼ਵਰ ਨਾਲ ਪ੍ਰੇਮ ਰੱਖੋ, ਉਸਦੀ ਅਵਾਜ਼ ਨੂੰ ਸੁਣੋ ਅਤੇ ਉਸਦੇ ਅੰਗ ਸੰਗ ਲੱਗੇ ਰਹੋ ਕਿਉਂ ਜੋ ਉਹ ਤੁਹਾਡਾ ਜੀਵਨ ਅਤੇ ਤੁਹਾਡੇ ਦਿਨਾਂ ਦੀ ਲਮਾਨ ਹੈ..."
(ਬਿਵਸਥਾ ਸਾਰ 30:20)

ਪਾਸਟਰ ਐੱਸ.ਸੈਮ ਸੇਲਵਾ ਰਾਜ ਵੱਲੋਂ ਮੁੱਖ ਚਰਚ ਵਿੱਚ ਦਿੱਤਾ ਗਿਆ ਸੰਦੇਸ਼

ਇਸ ਸੰਸਾਰ ਦੇ ਲੋਕ ਜੀਵਨ ਵਿੱਚ ਤਰੱਕੀ ਕਰਨਾ ਅਤੇ ਤੰਦਰੁਸਤ ਜੀਵਨ ਜੀਣਾ ਚਾਹੁੰਦੇ ਹਨ, ਅਤੇ ਇਸਨੂੰ ਹਾਸਲ ਕਰਨ ਲਈ ਉਹ ਕਈ ਉਪਰਾਲੇ ਕਰਦੇ ਹਨ। ਇਸ ਦੌੜ ਵਿੱਚ ਕਈ ਸਫ਼ਲ ਹੁੰਦੇ ਅਰ ਕਈ ਅਸਫ਼ਲ ਹੋ ਜਾਂਦੇ ਹਨ। ਇੱਕ ਕਹਾਵਤ ਹੈ ਕਿ ਸਭ ਸਿੱਖੇ ਹੋਏ ਸਫ਼ਲ ਨਹੀਂ ਹੁੰਦੇ ਅਰ ਸਭ ਸਫ਼ਲ ਸਿੱਖੇ ਹੋਏ ਨਹੀਂ ਹੁੰਦੇ। ਇਸ ਸੰਸਾਰ ਵਿੱਚ ਕੁਝ ਹਾਸਲ ਕਰਨ ਲਈ ਮਨੁੱਖ ਨੂੰ ਪ੍ਰਮੇਸ਼ਵਰ ਦੀ ਕਿਰਪਾ ਅਤੇ ਦਯਾ ਦੀ ਲੋੜ ਹੁੰਦੀ ਹੈ।

ਪ੍ਰਮੇਸ਼ਵਰ ਨੇ ਸੰਸਾਰ ਲਈ ਬਹੁਤ ਸਾਰੀਆਂ ਭਲੀਆਂ ਵਸਤਾਂ ਅਤੇ ਗੈਜੇਟ ਆਪਣੇ ਉਨ੍ਹਾਂ ਲੋਕਾਂ ਦੁਆਰਾ ਦਿੱਤੇ ਹਨ ਜਿਹੜੇ ਉਸ ਉੱਤੇ ਭਰੋਸਾ ਰੱਖਦੇ ਹਨ। ਅੱਜ ਅਸੀਂ ਬਹੁਤ ਸਾਰੀਆਂ ਚੀਜ਼ਾਂ ਜਿਵੇਂ, ਬਿਜਲੀ, ਕਈ ਤਰਾਂ ਦੇ ਬਲਬ, ਮੋਟਰ-ਗੱਡੀਆਂ, ਦੁਪੱਹੀਆ ਵਾਹਨ, ਹਵਾਈ ਜਹਾਜ਼, ਰੇਲ, ਟ੍ਰੈਕਟਰ, ਘੜੀਆਂ, ਕੈਮਰੇ, ਸਿਲਾਈ ਮਸ਼ੀਨਾਂ, ਦਵਾਈਆਂ ਆਦਿ ਦੀ ਵਰਤੋਂ ਕਰਦੇ ਹਾਂ। ਪਰੰਤੂ ਜਦੋਂ ਅਸੀਂ ਇਨ੍ਹਾਂ ਵਸਤਾਂ ਦੇ ਬਣਾਉਣ ਵਾਲਿਆਂ ਦੇ ਜੀਵਨ ਪਿਛੋਕੜ ਨੂੰ ਵੇਖੀਏ ਤਾਂ ਸਾਨੂੰ ਪਤਾ ਚੱਲਦਾ ਹੈ ਕਿ ਇਨ੍ਹਾਂ ਸਭ ਖੋਜਾਂ ਦੇ ਪਿੱਛੇ ਸਾਡਾ ਜੀਵਿਤ ਪ੍ਰਮੇਸ਼ਵਰ ਹੀ ਸੀ। ਉਹ ਲੋਕ ਜਿਨ੍ਹਾਂ ਆਪਣੇ ਕਰਤਾ ਨੂੰ ਨਹੀਂ ਜਾਣਿਆ, ਇਸ ਸੰਸਾਰ ਵਿੱਚ ਨਾਂ-ਮਾਤਰ ਖੋਜ ਹੀ ਕਰ ਸਕੇ। ਪਰੰਤੂ ਸਾਰਾ ਸੰਸਾਰ ਪ੍ਰਮੇਸ਼ਵਰ ਦੇ ਲੋਕਾਂ ਦੀਆਂ ਖੋਜਾਂ ਦਾ ਅਨੰਦ ਮਾਣ ਰਿਹਾ ਹੈ।

ਪ੍ਰਮੇਸ਼ਵਰ ਇਸ ਸਾਲ ਵਿੱਚ ਤੁਹਾਡੇ ਰਾਹੀਂ ਕੁਝ ਨਵਾਂ ਕਰਨਾ ਚਾਹੁੰਦਾ ਹੈ।ਪ੍ਰਮੇਸ਼ਵਰ ਦੀ ਯੋਜਨਾ ਅਤੇ ਉਸਦਾ ਲਾਭ ਸਭ ਲਈ ਹੁੰਦਾ ਹੈ ਜਿਵੇਂ ਅਸੀਂ ਸਭ ਹਵਾ ਅਤੇ ਮੀਂਹ, ਸੂਰਜ ਅਤੇ ਚੰਦ ਦਾ ਅਨੰਦ ਮਾਣਦੇ ਹਾਂ।ਪ੍ਰਮੇਸ਼ਵਰ ਕਿਸੇ ਦਾ ਪੱਖਪਾਤ ਨਹੀਂ ਕਰਦਾ (ਅਫ਼ਸੀਆਂ 6:9)। ਇਹ ਸੰਭਵ ਹੈ ਕਿ ਪ੍ਰਮੇਸ਼ਵਰ ਦੀ ਯੋਜਨਾ ਤੁਹਾਡੇ ਰਾਹੀਂ ਹੀ ਪ੍ਰਗਟ ਹੋਵੇ ਅਰ ਉਹ ਤੁਹਾਨੂੰ ਭਰਪੂਰੀ ਨਾਲ ਬਰਕਤ ਦੇਵੇ। ਸਾਡਾ ਪ੍ਰਮੇਸ਼ਵਰ ਗਰੀਬ ਨੂੰ ਖ਼ਾਕ ਵਿੱਚੋਂ ਚੁੱਕਦਾ ਅਤੇ ਕੰਗਾਲ ਨੂੰ ਗੂਹੀਰੇ ਵਿੱਚੋਂ ਕੱਢਦਾ ਹੈ (1 ਸਮੂਏਲ 2:8)। ਤੁਸੀਂ ਸ਼ਾਇਦ ਜੀਵਨ ਵਿੱਚ ਸਭ ਕੁਝ ਗੁਆ ਚੁੱਕੇ ਹੋਵੋਗੇ ਪਰੰਤੂ ਚੇਤੇ ਰੱਖੋ, ਤੁਸੀਂ ਤੁਹਾਡਾ ਭਵਿੱਖ ਨਹੀਂ ਗੁਆਇਆ। ਤਿਆਰ ਹੋ ਜਾਓ, ਅਰ ਉਹ ਬਰਕਤਾਂ ਪਾਉਣ ਲਈ ਅੱਗੇ ਆਓ ਜਿਹੜੀਆਂ ਪ੍ਰਮੇਸ਼ਵਰ ਨੇ ਤੁਹਾਡੇ ਲਈ ਰੱਖੀਆਂ ਹਨ!

ਕੋਈ ਪੰਜਾਹ ਸਾਲ ਪਹਿਲਾਂ ਮੈਂ ਵੀ ਆਪਣੇ ਜੀਵਨ ਵਿੱਚ ਅਜਿਹੇ ਹੀ ਹਾਲਾਤਾਂ ਵਿੱਚੋਂ ਗੁਜ਼ਰਿਆ। ਮੇਰੇ ਕੁਝ ਮਿੱਤਰ ਅਰ ਰਿਸ਼ਤੇਦਾਰ ਵੀ ਨਸ਼ਿਆਂ ਅਤੇ ਸਿਨੇਮਾ ਦੇ

(ਚਲਦਾ ਸਫਾ 2-)

*Touching lives by Teaching ...Since1969*

# ਬੁਲਾਵੇ ਦੀ ਗੂੰਜ

(ਅੰਗਰੇਜੀ,ਤਾਮਿਲ,ਮਲਿਆਲਮ,ਤੇਲਗੂ,ਹਿੰਦੀ,,ਮਰਾਠੀ,ਕੰਨੜਾ,ਬੰਗਾਲੀ,ਗੁਜਰਾਤੀ, ਉੜੀਆ,ਨੇਪਾਲੀ,ਪੰਜਾਬੀ,ਉਰਦੂ,ਸਿਨਹਾਲਾ ਅਤੇ ਅਫਰੀਕਨ ਮਾਸਿਕ ਪੱਤ੍ਰਿਕਾ)



## "...ਯਹੋਵਾਹ ਤੁਹਾਡੇ ਪਦਾਰਥਾਂ ਨੂੰ ਵਧਾਵੇਗਾ..." (ਬਿਵਸਥਾ ਸਾਰ 28:11)।




ਪ੍ਰਭੂ ਯਿਸੂ ਮਸੀਹ ਵਿੱਚ ਪਿਆਰੇ ਦੋਸਤੋ,

ਅਸੀਂ ਸਾਡੇ ਪ੍ਰਭੂ ਅਰ ਮੁਕਤੀਦਾਤਾ ਯਿਸੂ ਮਸੀਹ ਦੇ ਨਾਮ ਵਿੱਚ ਅਸੀਂ ਤੁਹਾਨੂੰ ਸ਼ੁੱਭ ਇੱਛਾਵਾਂ ਦਿੰਦੇ ਹਾਂ!

ਅਸੀਂ ਪ੍ਰਮੇਸ਼ਵਰ ਦੇ ਧੰਨਵਾਦੀ ਹਾਂ ਕਿ ਉਸਨੇ ਆਪਣੀ ਸੇਵਕਾਈ ਨੂੰ ਬਰਕਤ ਦੇ ਕੇ ਇਸਦੇ ਰਾਹੀ ਅਲੱਗ ਅਲੱਗ ਸੱਭਿਆਚਾਰਾਂ ਦੇ ਲੋਕਾਂ ਦੇ ਜੀਵਨਾਂ ਨੂੰ ਆਪਣੇ ਸੁਸਮਾਚਾਰ ਰਾਹੀਂ ਛੋਹਿਆ ਹੈ। ਅਸੀਂ, ਇਸ ਸਮਾਚਾਰ-ਪੱਤਰ ਨੂੰ ਪੜ੍ਹਨ ਲਈ, ਸਾਡੇ ਲਈ ਪ੍ਰਾਰਥਨਾ ਕਰਨ ਲਈ ਅਤੇ ਸਾਡੀ ਮਦਦ ਕਰਨ ਲਈ ਤੁਹਾਡੇ ਦਿਲੋਂ ਧੰਨਵਾਦੀ ਹਾਂ।

ਜਿਵੇਂ ਕਿ ਤੁਸੀਂ ਜਾਣਦੇ ਹੀ ਹੋ ਕਿ 1 ਦਸੰਬਰ 2019 ਤੋਂ 31 ਜਨਵਰੀ 2020 ਤੱਕ ਪ੍ਰਭੂ ਦੇ ਮਹਾਨ ਸੁਸਮਾਚਾਰ ਨੂੰ ਆਪਣੀਆਂ ਬਹੁਭਾਂਤੀ ਸੇਵਕਾਈਆਂ ਰਾਹੀਂ ਫੈਲਾਉਣ ਵਿੱਚ ਅਸੀਂ ਬਹੁਤ ਰੁੱਝੇ ਹੋਏ ਸੀ।ਪ੍ਰਮੇਸ਼ਵਰ ਇੱਕ ਵਫ਼ਾਦਾਰ ਸੁਆਮੀ ਬਣਕੇ ਸਾਡੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰਦਾ ਅਤੇ ਰਾਸਟਰਾਂ ਲਈ ਉਸਦੇ ਦਰਸ਼ਨ ਨੂੰ ਪੂਰਾ ਕਰਨ ਲਈ ਸਾਡੀ ਅਗਵਾਈ ਕਰਦਾ ਆਇਆ ਹੈ।

ਸਾਨੂੰ ਤੁਹਾਡੇ ਪੱਤਰਾਂ, ਮੋਬਾਇਲ ਸੰਦੇਸ਼ਾਂ, ਈਮੇਲਾਂ, ਵੱਟਸਐਫ, ਟੈਲੀਫੋਨ ਸੰਦੇਸ਼ਾਂ ਆਦਿ ਰਾਹੀਂ ਬਹੁਤ ਦਲੇਰੀ ਮਿਲਦੀ ਹੈ। ਤੁਹਾਡੀ ਦਿਆਲਤਾ ਲਈ ਪ੍ਰਮੇਸ਼ਵਰ ਤੁਹਾਨੂੰ ਭਰਪੂਰੀ ਨਾਲ ਬਰਕਤ ਦੇਵੇ। ਅਸੀਂ ਆਪਣੇ ਸਭ ਮਿੱਤਰਾਂ ਲਈ ਧੰਨਵਾਦੀ ਹਾਂ ਜਿਨ੍ਹਾਂ ਨੇ ਮੋਬਾਈਲ ਸੰਦੇਸ਼ਾਂ, ਵੱਟਸਐਪ ਰਾਹੀਂ ਸਾਨੂੰ ਸ਼ੁੱਭ ਇੱਛਾਵਾਂ ਭੇਜੀਆਂ।

ਜਨਵਰੀ 2020 ਦੇ ਬੁਲਾਵੇ ਦੀ ਗੂੰਜ ਵਿੱਚ ਦਿੱਤੇ ਗਏ ਪ੍ਰਾਰਥਨਾ ਦੇ ਮੁਦਿਆਂ ਦੇ ਸਾਨੂੰ ਸਕਾਰਾਤਮਕ ਨਤੀਜੇ ਮਿਲ ਰਹੇ ਹਨ। ਅਸੀਂ ਸਾਡੇ ਸਭ ਪ੍ਰਾਰਥਨਾ ਸਹਿਭਾਗੀਆਂ ਅਤੇ ਸਹਿਯੋਗੀਆਂ ਉੱਤੇ ਮਾਣ ਕਰਦੇ ਹਾਂ।

ਹਰ ਸਾਲ ਸਾਡੇ ਸੇਂਟ ਪੌਲ ਮੈਟ੍ਰਿਕੁਲੇਸ਼ਨ ਸਕੂਲ ਦੇ ਵਿਦਿਆਰਥੀ ਬੋਰਡ ਦੀਆਂ ਪ੍ਰੀਖਿਆਵਾਂ ਵਿੱਚ ਬਹੁਤ ਚੰਗੇ ਅੰਕਾਂ ਨਾਲ ਪਾਸ ਹੁੰਦੇ ਹਨ। ਇਸ ਸਾਲ ਵੀ ਅਸੀਂ ਅਪ੍ਰੈਲ 2020 ਵਿੱਚ ਹੋਣ ਵਾਲੀਆਂ ਬੋਰਡ ਦੀਆਂ ਪ੍ਰੀਖਿਆਵਾਂ ਵਿੱਚ ਆਪਣੇ ਵਿਦਿਆਰਥੀਆਂ ਦੀ ਸਫ਼ਲਤਾ ਲਈ ਤੁਹਾਡੀਆਂ ਪ੍ਰਾਰਥਨਾਵਾਂ ਦੀ ਮੰਗ ਕਰਦੇ ਹਾਂ।

ਅਸੀਂ ਆਪਣੀਆਂ ਕਲੀਸਿਆਵਾਂ, 16 ਭਾਸ਼ਾਵਾਂ ਵਿੱਚ ਛਪਦੇ ਪ੍ਰਕਾਸ਼ਨਾਂ, ਨਹਮਯਾਹ ਬਾਈਬਲ ਕਾਲਜਾਂ, ਸੁਸਮਾਚਾਰ ਪ੍ਰਿੰਟਿੰਗ ਪ੍ਰੈੱਸ ਅਤੇ ਹੋਰ ਗਤੀਵਿਧੀਆਂ ਲਈ ਵੀ ਤੁਹਾਡੀਆਂ ਪ੍ਰਾਰਥਨਾਵਾਂ ਦੀ ਮੰਗ ਕਰਦੇ ਹਾਂ। ਪ੍ਰਭੂ ਵਿੱਚ ਅਸੀਂ ਤੁਹਾਨੂੰ ਪਿਆਰ ਕਰਦੇ ਹਾਂ ਅਤੇ ਤੁਹਾਡੇ ਲਈ ਪ੍ਰਾਰਥਨਾ ਕਰਦੇ ਹਾਂ।

ਪ੍ਰਮੇਸ਼ਵਰ ਤੁਹਾਨੂੰ ਬਰਕਤ ਦੇਵੇ!

ਮਸੀਹ ਵਿੱਚ ਤੁਹਾਡਾ ਸੇਵਕ,
ਐੱਸ. ਸੈਮ ਸੇਲਵਾ ਰਾਜ।

CHIEF EDITORS
Pastor S. Sam Selva Raj
Angeline Selvakumari Henry, M.A., M.Ed.
MANAGING EDITOR
Pastor Alex Samson Sam, B.Th., M.Div.
ADMINISTRATION
Bro. N. Prakasam, M.A., General Manager
EDITORIAL BOARD
Sis. Jesy Veena Sam
Bro. M. Paulraj, M.A., B.Ed.
Sis. Serena Bevin, M.A., M. Phil., B.Ed.
ADVISORY BOARD
Adv. Jose Abraham
Adv. N. Balaji, B.Com., B.L.
Dr. S. Rabinder Boaz, M.S.
Er. C.G.S. Baburao, B.Tech., M.Tech. (DM)
Aud. K. Puratchivendan, M.Com., B.L.
Bro. Rajeswaran Samuel, B.Com.
PUBLISHER & PRINTER
Pastor S. SAM SELVA RAJ
Echo of His Call Printers
10, Mohammed Abdullah 2nd Street,
Chepauk, Chennai- 600 005, India.
Phone : (+91-44) 2852 8282
2852 9293, 2854 7766
Email : sam@echoofhiscall.org
biblecor@yahoo.co.in
Websites :
www.echoofhiscall.org
www.echoofhiscall.com

(ਸਫਾ 1 ਤੋਂ ਚਲਦਾ-)

ਆਦੀ ਸਨ; ਉਹ ਆਪਣੇ ਸਰੀਰ ਦੀਆਂ ਖਵਾਹਿਸ਼ਾਂ ਨੂੰ ਪੂਰਾ ਕਰਨ ਵਾਲੇ, ਮੂਰਤੀਪੂਜਕ, ਝੂਠ ਬੋਲਣ ਵਾਲੇ, ਹੋਰਾਂ ਨੂੰ ਦਬਾਉਣ ਵਾਲੇ, ਚੋਰੀ ਕਰਨ ਵਾਲੇ, ਪੈਸੇ ਦੇ ਪ੍ਰੇਮੀ ਅਰ ਪ੍ਰਮੇਸ਼ਵਰ ਦੇ ਵਚਨ ਦਾ ਤਿਆਗ ਕਰਨ ਵਾਲੇ ਸਨ। ਮੈਂ ਵੀ ਉਨ੍ਹਾਂ ਬੁਰਾਈਆਂ ਤੋਂ ਕੋਈ ਜ਼ਿਆਦਾ ਬਚਿਆ ਨਹੀਂ ਸੀ। ਪਰੰਤੂ ਸਾਡੇ ਪ੍ਰਭੂ ਯਿਸੂ ਮਸੀਹ ਨੇ ਵੱਡੀ ਦਯਾ ਨਾਲ ਮੈਨੂੰ ਭਿਆਨਕ ਪਾਪਾਂ ਵਿੱਚ ਡਿੱਗਣ ਤੋਂ ਬਚਾ ਲਿਆ ਅਤੇ ਮੈਂ ਭਾਵੇਂ ਬੜੀ ਮੁਸ਼ਕਿਲ ਨਾਲ, ਪਰ ਸਹੀ ਫੈਸਲਾ ਲੈ ਸਕਿਆ।

ਜਦੋਂ ਮੈਂ ਅਜਿਹੇ ਹਲਾਤਾਂ ਵਿੱਚ ਸੀ, ਮੇਰੇ ਇੱਕ ਜਮਾਤੀ ਬ੍ਰ. ਜਯਾਨਾਥ ਪੌਲਮਣੀ ਨੇ ਮੈਨੂੰ ਸੁਸਮਾਚਾਰ ਦਾ ਇੱਕ ਪਰਚਾ ਦਿੱਤਾ ਅਰ ਉਸਨੂੰ ਪੜ੍ਹਨ ਲਈ ਆਖਿਆ। ਉਹ ਪਰਚਾ ਬ੍ਰ. ਸਮੂਏਲ ਡੈਨਿਏਲ ਦੁਆਰਾ, ਜੋ ਕਿ ਚੇਨੰਈ ਵਿੱਚ ਰਹਿੰਦੇ ਸਨ, ਪ੍ਰਕਾਸ਼ਿਤ ਕੀਤਾ ਗਿਆ ਸੀ। ਮੈਂ ਦੋ ਮਿਨਟ ਵਿੱਚ

Our Ministries: ECHO OF HIS CALL Monthly Magazines (16 languages) BIBLECOR - Postal Courses (3 languages) Theological Correspondence Courses (2 languages) Church Planting Nehemiah Bible Colleges Gospel Printing Press Great Commission Partners Village English High School Crusades 100 Prayer Warriors Community Development

ਉਸਨੂੰ ਪੜ੍ਹ ਲਿਆ। ਉਸ ਟ੍ਰੈਕਟ ਦਾ ਸੰਦੇਸ਼ ਸੀ ਕਿ ਯਿਸੂ ਮਸੀਹ ਤੁਹਾਨੂੰ ਪਿਆਰ ਕਰਦਾ ਹੈ।



ਉਸਨੇ ਮੈਨੂੰ ਬਹੁਤ ਆਕਰਸ਼ਤ ਕੀਤਾ। ਮੈਂ ਬਾਰ ਬਾਰ ਉਸਨੂੰ ਪੜ੍ਹਿਆ।

ਮੈਨੂੰ ਸਮਝ ਆਈ ਕਿ ਪ੍ਰਭੂ ਯਿਸੂ ਮਸੀਹ ਨੇ ਸਾਨੂੰ ਸਿਖਾਇਆ ਹੈ ਕਿ, ਕੀ ਸਹੀ ਹੈ ਅਰ ਕੀ ਗਲਤ। ਇਸ ਲਈ ਮੈਂ ਸਹੀ ਦੀ ਭਾਲ ਸ਼ੁਰੂ ਕਰ ਦਿੱਤੀ। ਪ੍ਰਭੂ ਨੇ ਮੈਨੂੰ ਥੰਮ੍ਹ ਲਿਆ। "ਪਰ ਇਹ ਜਾਣੋ ਭਈ ਯਹੋਵਾਹ ਨੇ ਸੰਤ ਜਨ ਨੂੰ ਆਪਣੇ ਲਈ ਵੱਖਰਾ ਕਰ ਰੱਖਿਆ ਹੈ..." (ਜ਼ਬੂਰ 4:3)। ਮੈਂ ਬਿਨਾਂ ਕਿਸੇ ਸ਼ਰਤ ਤੋਂ ਆਪਣਾ ਸੰਪੂਰਨ ਹਿਰਦਾ ਅਰ ਭਵਿੱਖ ਉਸਨੂੰ ਸੌਂਪ ਦਿੱਤਾ। ਮੈਨੂੰ ਆਪਣੇ ਮਨ ਵਿੱਚ ਸੱਚੀ ਸ਼ਾਂਤੀ ਦਾ ਅਨੁਭਵ ਹੋਇਆ।

"ਮੇਰਾ ਬਾਲਮ ਗੋਰਾ ਤੇ ਲਾਲ ਹੈ, ਉਹ ਤਾਂ ਹਜ਼ਾਰਾਂ ਵਿੱਚ ਮੰਨਿਆ ਦੰਨਿਆ ਹੈ! ਉਹਦਾ ਸਿਰ ਕੁੰਦਨ ਸੋਨਾ ਹੈ, ਉਹਦੇ ਵਾਲ ਘੁੰਗਰੂਆਂ ਵਰਗੇ ਤੇ ਪਹਾੜੀ ਕਾਂ ਵਾਂਙੂ ਕਾਲੇ ਹਨ। ਉਸਦੀਆਂ ਅੱਖਾਂ ਪਾਣੀ ਦੀਆਂ ਨਦੀਆਂ ਉੱਤੇ ਦੇ ਕਬੂਤਰਾਂ ਵਾਂਙੂ ਹਨ, ਜਿਹੜੀਆਂ ਦੁੱਧ ਨਾਲ ਨਹਾ ਕੇ ਪੂਰੇ ਤੋਰ ਤੇ ਬੈਠੀਆਂ ਹਨ। ਉਸਦੀਆਂ ਗੱਲਾਂ ਬਲਸਾਨ ਦੀ ਕਿਆਰੀ ਅਤੇ ਮੁਸ਼ਕ ਦੀਆਂ ਬੁਰਜੀਆਂ ਵਾਂਙੂ ਹਨ, ਉਸਦੇ ਬੁੱਲ ਸੋਸਨ ਹਨ ਜਿਨ੍ਹਾਂ ਤੋਂ ਪਤਲਾ ਗੰਧਰਸ ਚੋਂਦਾ ਹੈ। ਉਸਦੇ ਹੱਥ ਸੋਨੇ ਦੇ ਕੁੰਡਲ ਹਨ ਜਿਨ੍ਹਾਂ ਵਿੱਚ ਜ਼ਬਰ ਜਦ ਜੜੇ ਹੋਏ ਹਨ। ਉਸਦਾ ਪੇਟ ਹਾਥੀ ਦੰਦ ਦੀ ਬਣਤ ਦਾ ਹੈ, ਜਿਸਦੇ ਉੱਤੇ ਨੀਲਮ ਦੀ ਗਚਕਾਰੀ ਹੈ। ਉਸ ਦੀਆਂ ਲੱਤਾਂ ਸੰਗ ਮਰਮਰ ਦੇ ਪੀਲ ਪਾਏ ਹਨ ਜਿਹੜੀਆਂ ਕੁੰਦਨ ਸੋਨੇ ਦੀਆਂ ਚੀਥੀਆਂ ਉੱਤੇ ਰੱਖੀਆਂ ਹੋਈਆਂ ਹਨ। ਉਸਦਾ ਆਕਾਰ ਲਬਾਨੋਨ ਵਰਗਾ, ਦਿਆਰ ਵਾਂਙੂ ਉੱਤਮ ਹੈ। ਉਸਦਾ ਮੂੰਹ ਬਹੁਤ ਮਿੱਠਾ ਅਤੇ ਉਹ ਸਾਰੇ ਦਾ ਸਾਰਾ ਮਨ ਭਾਉਣਾ ਹੈ! ਹੇ ਯਰੂਸ਼ਲਮ ਦੀਓ ਧੀਓ, ਇਹ ਮੇਰਾ ਬਾਲਮ ਤੇ ਇਹ ਮੇਰਾ ਪ੍ਰੀਯਾ ਹੈ!" (ਸਰੇਸ਼ਟ ਗੀਤ 5:10–16)।

ਮੈਨੂੰ ਯਿਸੂ ਵਿੱਚ ਇੱਕ ਪਵਿੱਤਰ ਦੋਸਤ ਮਿਲਿਆ ਅਰ ਮੈਂ ਉਸਨੂੰ ਆਪਣਾ ਮੁਕਤੀਦਾਤਾ ਕਬੂਲ ਕਰ ਲਿਆ। ਇਸ ਚੋਣ ਨੇ ਮੇਰੇ ਜੀਵਨ ਨੂੰ ਪੂਰੀ ਤਰਾਂ ਬਦਲ ਦਿੱਤਾ।

ਮੈਂ ਘੱਟ ਬੋਲਣ ਵਾਲਾ ਅਤੇ ਪੜ੍ਹਾਈ ਵਿੱਚ ਵੀ ਕਮਜ਼ੋਰ ਸੀ; ਨਾ ਹੀ ਮੇਰੇ ਕੋਲ ਰਾਜਨੀਤਕ ਤਾਕਤ, ਨਾ ਹੀ ਪੈਸੇ ਦੀ ਤਾਕਤ ਅਰ ਨਾ ਹੀ ਕੋਈ ਮਨੁੱਖੀ ਤਾਕਤ ਸੀ। ਪਰੰਤੂ ਪ੍ਰਭੂ ਯਿਸੂ ਮਸੀਹ ਨੇ ਮੈਨੂੰ ਉਠਾਇਆ। ਹੁਣ ਮੈਨੂੰ ਕੋਈ ਘਟੀ ਨਹੀਂ। ਓਹੀ ਯਿਸੂ ਤੁਹਾਨੂੰ ਵੀ ਉੱਚਾ ਕਰੇਗਾ। ਉਸ ਕੋਲ ਆਓ!! ਤੁਸੀਂ ਜੀਵਨ ਵਿੱਚ ਜ਼ਰੂਰ ਉੱਥਾਨ ਵੇਖੋਗੇ!!!

ਇਹ ਇੱਕ ਵੱਡੀ ਬਰਕਤ ਹੈ ਜਿਹੜੀ ਪ੍ਰਮੇਸ਼ਵਰ ਨੇ ਮਨੁੱਖ ਨੂੰ ਦਿੱਤੀ ਹੈ! ਜੇਕਰ ਤੁਸੀਂ ਅੱਗੇ ਆ ਕੇ ਇਸਨੂੰ ਚੁਣਦੇ ਹੋ ਤਾਂ ਇਹ ਤੁਹਾਡੇ ਜੀਵਨ ਵਿੱਚ ਇੱਕ ਵੱਡਾ ਸੁਭਾਗ ਹੋਵੇਗਾ!! ਤੁਸੀਂ ਸਵਰਗੀ ਖ਼ਜ਼ਾਨਿਆਂ ਦੇ ਵਾਰਸ ਬਣ ਜਾਓਗੇ!!! ਸਹੀ ਚੋਣ ਤੋਂ ਭਾਵ ਹੈ ਕਿ ਤੁਸੀਂ ਉਸ ਚੀਜ਼ ਦਾ ਚੁਨਾਵ ਕਰ ਰਹੇ ਹੋ ਜਿਹੜੀ ਪ੍ਰਮੇਸ਼ਵਰ ਨੂੰ ਪਸੰਦ ਹੈ।

ਤੁਹਾਡਾ ਪਿਛਲਾ ਜੀਵਨ ਭਾਵੇਂ ਕੜਵਾਹਟ ਭਰਿਆ ਹੋਵੇ ਪਰ ਤੁਹਾਨੂੰ ਭਵਿੱਖ ਦੀ ਚਿੰਤਾ ਕਰਨ ਦੀ ਕੋਈ ਲੋੜ ਨਹੀਂ, ਨਾ ਡਰੋ। ਇੱਕ ਚੰਗੀ ਖ਼ਬਰ ਤੁਹਾਡੀ ਉਡੀਕ ਕਰ ਰਹੀ ਹੈ! ਕੀ ਤੁਸੀਂ ਆਪਣਾ ਭਵਿੱਖ ਖੁਦ ਚੁਣਨਾ ਚਾਹੁੰਦੇ ਹੋ? ਕੀ ਤੁਸੀਂ ਇੱਕ ਸ਼ਾਂਤੀ ਭਰਿਆ ਭਵਿੱਖ ਚਾਹੁੰਦੇ ਹੋ? ਇਹ ਤੁਹਾਡੇ ਹੱਥ ਵਿੱਚ ਹੈ! ਪ੍ਰਮੇਸ਼ਵਰ ਨੇ ਕਈ ਵਾਰ ਤੁਹਾਡੇ ਨਾਲ ਗੱਲ ਕੀਤੀ। ਅੱਜ ਹੀ ਉਸਦੀ ਆਗਿਆਕਾਰੀ ਕਰਨ ਲਈ ਸਮਰਪਣ ਦਾ ਨਿਰਣਾ ਲਓ। ਫੈਸਲਾ ਤੁਹਾਡਾ ਹੈ। ਤੁਹਾਨੂੰ ਸਮੁੰਦਰ ਪਾਰ ਤੋਂ ਕਿਸੇ ਤੋਂ ਸਲਾਹ ਲੈਣ ਦੀ ਲੋੜ ਨਹੀਂ ਅਰ ਨਾ ਹੀ ਕੋਈ ਅਕਾਸ਼ ਤੇ ਚੜ੍ਹਕੇ ਤੁਹਾਡੇ ਲਈ ਫੈਸਲਾ ਲਿਆਵੇਗਾ। ਤੁਸੀਂ ਕੇਵਲ ਆਪਣੇ ਹਿਰਦੇ ਵਿੱਚ ਪ੍ਰਭੂ ਨੂੰ ਮੰਨਣਾ ਅਤੇ ਮੂੰਹ ਨਾਲ ਉਸਦਾ ਇਕਰਾਰ ਕਰਨਾ ਹੈ। ਤੁਹਾਡਾ ਭਵਿੱਖ ਹਿਰਦੇ ਵਿੱਚ ਕੀਤੇ ਤੁਹਾਡੇ ਵਿਸ਼ਵਾਸ ਅਤੇ ਮੂੰਹ ਰਾਹੀਂ ਬੋਲੇ ਗਏ ਸ਼ਬਦਾਂ ਉੱਤੇ ਨਿਰਭਰ ਕਰਦਾ ਹੈ।

ਇਹ ਹੁਕਮ ਜਿਹੜਾ ਅੱਜ ਮੈਂ ਤੁਹਾਨੂੰ ਦਿੰਦਾ ਹਾਂ ਤੁਹਾਡੇ ਲਈ ਬਹੁਤ ਔਖਾ ਤਾਂ ਨਹੀਂ, ਨਾਂ ਤੁਹਾਥੋਂ ਦੂਰ ਹੈ। ਉਹ ਅਕਾਸ਼ ਉੱਤੇ ਤਾਂ ਹੈ ਨਹੀਂ ਕਿ ਤੁਸੀਂ ਆਖੋ ਭਈ ਅਕਾਸ਼ ਉੱਤੇ ਸਾਡੇ ਲਈ ਕੌਣ ਚੜ੍ਹੇ ਅਤੇ ਉਸਨੂੰ ਸਾਡੇ ਕੋਲ ਲਿਆਵੇ ਅਤੇ ਸਾਨੂੰ ਸੁਣਾਵੇਂ ਭਈ ਉਸਨੂੰ ਪੂਰਾ ਕਰੀਏ? ਨਾ ਹੀ ਉਹ ਸਮੁੰਦਰ ਪਾਰ ਹੈ ਕਿ ਤੁਸੀਂ ਆਖੋ, ਸਾਡੇ ਲਈ ਕੌਣ ਸਮੁੰਦਰ ਤੋਂ ਪਾਰ ਜਾਵੇ ਅਤੇ ਉਸਨੂੰ ਸਾਡੇ ਲਈ ਲਿਆਵੇ ਅਤੇ ਸਾਨੂੰ ਸੁਣਾਵੇ ਤਾਂ ਜੋ ਉਸਨੂੰ ਪੂਰਾ ਕਰੀਏ? ਪਰ ਉਹ ਬਾਣੀ ਬਹੁਤ ਨੇੜੇ ਹੈ ਸਗੋਂ ਤੁਹਾਡੇ ਮੂੰਹ ਵਿੱਚ ਅਤੇ ਤੁਹਾਡੇ ਮਨ ਵਿੱਚ ਹੈ ਤਾਂ ਜੋ ਤੁਸੀਂ ਉਸਨੂੰ ਪੂਰਾ ਕਰੋ (ਬਿਵਸਥਾ ਸਾਰ 30:11–14)।

ਪ੍ਰਮੇਸ਼ਵਰ ਨੇ ਲੰਬੇ, ਖੁਸ਼ਹਾਲ ਅਤੇ ਜੇਤੂ ਜੀਵਨ ਦਾ ਭੇਤ ਬਿਵਸਥਾ ਸਾਰ 30:20 ਵਿੱਚ ਬੜੇ ਸਰਲ ਅਤੇ ਸਪੱਸ਼ਟ ਢੰਗ ਨਾਲ ਬਿਆਨ ਕੀਤਾ ਹੈ। "ਤੁਸੀਂ ਯਹੋਵਾਹ ਆਪਣੇ ਪ੍ਰਮੇਸ਼ਵਰ ਨਾਲ ਪ੍ਰੇਮ ਰੱਖੋ, ਉਸਦੀ ਅਵਾਜ਼ ਨੂੰ ਸੁਣੋ ਅਤੇ ਉਸਦੇ ਅੰਗ ਸੰਗ ਲੱਗੇ ਰਹੋ ਕਿਉਂ ਜੋ ਉਹ ਤੁਹਾਡਾ ਜੀਵਨ ਅਤੇ ਤੁਹਾਡੇ ਦਿਨਾਂ ਦੀ ਲਮਾਨ ਹੈ"।

## 1. ਪ੍ਰਮੇਸ਼ਵਰ ਨਾਲ ਪ੍ਰੇਮ ਕਰੋ

ਕੁਝ ਲੋਕਾਂ ਦੁਆਰਾ ਇਸ ਸੰਸਾਰ ਦੇ ਪ੍ਰੇਮ ਨੂੰ ਗਲਤ ਢੰਗ ਨਾਲ ਇਸਤੇਮਾਲ ਕੀਤਾ ਗਿਆ ਹੈ ਜਿਵੇਂ, ਸਰੀਰਕ ਕਾਮਨਾਵਾਂ ਵਿੱਚ, ਅੱਖਾਂ ਦੀ ਅਭਿਲਾਸ਼ਾ ਅਤੇ ਜੀਵਿਕਾ ਦੇ ਘਮੰਡ ਆਦਿ ਵਿੱਚ। "ਹੇ ਪਿਤਾਓ, ਮੈਂ ਤੁਹਾਨੂੰ ਲਿਖਿਆ ਇਸ ਲਈ ਜੋ ਤੁਸੀਂ ਉਹ ਨੂੰ ਜਾਣਦੇ ਹੋ ਜਿਹੜਾ ਆਦ ਤੋਂ ਹੈ। ਹੇ ਜੁਆਨੋ, ਮੈਂ ਤੁਹਾਨੂੰ ਲਿਖਿਆ ਇਸ ਲਈ ਜੋ ਤੁਸੀਂ ਬਲਵੰਤ ਹੋ ਅਤੇ ਪ੍ਰਮੇਸ਼ਵਰ ਦਾ ਵਚਨ ਤੁਹਾਡੇ ਵਿੱਚ ਰਹਿੰਦਾ ਹੈ ਅਤੇ ਤੁਸਾਂ ਉਸ ਦੁਸ਼ਟ ਨੂੰ ਜਿੱਤ ਲਿਆ ਹੈ। ਸੰਸਾਰ ਨਾਲ ਮੋਹ ਨਾ ਰੱਖੋ ਨਾ ਉਨਾਂ ਵਸਤਾਂ ਨਾਲ ਜੋ ਸੰਸਾਰ ਵਿੱਚ ਹਨ। ਜੇ ਕੋਈ ਸੰਸਾਰ ਨਾਲ ਮੋਹ ਰੱਖਦਾ ਹੋਵੇ ਤਾਂ ਉਹ ਦੇ ਵਿੱਚ ਪਿਤਾ ਦਾ ਪ੍ਰੇਮ ਨਹੀਂ ਕਿਉਂਕਿ ਸੱਭੋ ਕੁਝ ਜੋ ਸੰਸਾਰ ਵਿੱਚ ਹੈ ਅਰਥਾਤ ਸਰੀਰ ਦੀ ਕਾਮਨਾ ਅਤੇ ਅੱਖਾਂ ਦੀ ਕਾਮਨਾ ਅਤੇ ਜੀਵਨ ਦਾ ਅਭਮਾਨ ਸੋ ਪਿਤਾ ਤੋਂ ਨਹੀਂ ਸਗੋਂ ਸੰਸਾਰ ਤੋਂ ਹੈ। ਸੰਸਾਰ ਨਾਲੇ ਉਹ ਦੀ ਕਾਮਨਾ ਬੀਤਦੀ ਜਾਂਦੀ ਹੈ ਪਰ ਜਿਹੜਾ ਪ੍ਰਮੇਸ਼ਵਰ ਦੀ ਇੱਛਾ ਉੱਤੇ ਚੱਲਦਾ ਹੈ ਉਹ ਸਦਾ ਤੀਕ ਕਾਇਮ ਰਹਿੰਦਾ ਹੈ" (1 ਯੂਹੰਨਾ 2:14–17)।

ਸੰਸਾਰ ਦੇ ਸਮਾਚਾਰ ਵੇਖੋ। ਹਰ ਪਾਸੇ ਖੂਨ ਖਰਾਬਾ, ਲੁੱਟ ਖੋਹ, ਬਲਾਤਕਾਰ ਆਰਥਿਕ ਅਪਰਾਧ ਆਦਿ ਹੋ ਰਹੇ ਹਨ ਜਿਨ੍ਹਾਂ ਨਾਲ ਸਧਾਰਨ ਮਨੁੱਖ ਦਾ ਜੀਣਾ ਮੁਹਾਲ ਹੈ। ਇਹ ਸਭ ਇਸ ਲਈ ਵਾਪਰ ਰਿਹਾ ਹੈ ਕਿਉਂਕਿ ਮਨੁੱਖ ਨੇ ਆਪਣਾ ਪ੍ਰੇਮ ਗਲਤ ਥਾਂ ਤੇ ਬੀਜਿਆ ਹੈ। ਸੰਸਾਰ ਨੇ ਸਭ ਕੁਝ ਰਚਣ ਵਾਲੇ ਪ੍ਰਮੇਸ਼ਵਰ ਨੂੰ ਨਹੀਂ ਜਾਣਿਆ ਅਰ ਆਪਣਾ ਪ੍ਰੇਮ ਰਚੀਆਂ

ਹੋਈਆਂ ਵਸਤਾਂ ਵਿੱਚ ਲਗਾਇਆ। ਬਾਈਬਲ ਆਖਦੀ ਹੈ, "ਆਪਣੀ ਜਵਾਨੀ ਵਿੱਚ ਆਪਣੇ ਕਰਤਾਰ ਨੂੰ ਚੇਤੇ ਰੱਖ" (ਉਪਦੇਸ਼ਕ 12:1)। ਰਾਜਨੀਤਕ ਲੀਡਰਾਂ ਦੇ ਲਈ ਖੁਦ ਨੂੰ ਕੁਰਬਾਨ ਕਰਨ ਵਾਲੇ ਅਤੇ ਬਲਾਤਕਾਰ ਅਰ ਖੂਨ ਖਰਾਬਾ ਕਰਨ ਵਾਲੇ ਲੋਕਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਉਹ ਆਪਣੇ ਕਰਤਾਰ ਨੂੰ ਭੁੱਲ ਗਏ ਹਨ। ਪ੍ਰਭੂ ਯਿਸੂ ਨੇ ਆਖਿਆ, "ਪਰ ਤੁਸੀਂ ਪਹਿਲਾਂ ਉਸਦੇ ਧਰਮ ਅਤੇ ਰਾਜ ਨੂੰ ਭਾਲੋ ਤਾਂ ਇਹ ਵਸਤਾਂ ਵੀ ਤੁਹਾਨੂੰ ਦਿੱਤੀਆਂ ਜਾਣਗੀਆਂ" (ਮੱਤੀ 6:33)। ਬਹੁਤ ਘੱਟ ਲੋਕ ਇਸ ਅਵਾਜ਼ ਨੂੰ ਸੁਣਦੇ ਅਰ ਇਸ ਉੱਤੇ ਚੱਲਦੇ ਹਨ।

ਪਹਿਲਾਂ ਦਾ ਅਰਥ ਹੈ ਕਿ ਜੀਵਨ ਵਿੱਚ ਹਰ ਥਾਂ ਪ੍ਰਮੇਸ਼ਵਰ ਨੂੰ ਪਹਿਲਾ ਸਥਾਨ ਦੇਣਾ। ਅਜਿਹਾ ਕਰਕੇ ਤੁਸੀਂ ਜੀਵਨ ਵਿੱਚ ਅਚਰਜ ਅਰ ਅਚੰਭਿਆਂ ਨੂੰ ਵੇਖੋਗੇ।

ਮੈਂ ਜੋ ਇਹ ਗੱਲਾਂ ਤੁਹਾਨੂੰ ਆਖ ਰਿਹਾ ਹਾਂ ਖੁਦ ਵੀ ਆਪਣੇ ਜੀਵਨ ਵਿੱਚ ਇਨ੍ਹਾਂ ਦਾ ਅਨੁਭਵ ਕਰ ਰਿਹਾ ਹਾਂ। ਮੈਂ ਤੁਹਾਨੂੰ ਬੜੀ ਦਲੇਰੀ ਨਾਲ ਇਹ ਆਖ ਸਕਦਾ ਹਾਂ ਕਿ ਮੈਂ ਆਪਣੇ ਸਾਰੇ ਧਨ ਦੌਲਤ, ਸਮੇਂ, ਸਿੱਖਿਆ, ਸੇਹਤ ਆਦਿ ਵਿੱਚ ਪਹਿਲਾ ਸਥਾਨ ਆਪਣੇ ਪ੍ਰਭੂ ਨੂੰ ਦਿੰਦਾ ਹਾਂ। ਇਸੇ ਕਰਕੇ ਪ੍ਰਮੇਸ਼ਵਰ ਮੈਨੂੰ ਹਜ਼ਾਰਾਂ ਲੋਕਾਂ ਲਈ ਬਰਕਤ ਦੇ ਰੂਪ ਵਿੱਚ ਇਸਤੇਮਾਲ ਕਰ ਰਿਹਾ ਹੈ। ਤੁਸੀਂ ਵੀ ਅੱਗੇ ਆਓ! ਪ੍ਰਮੇਸ਼ਵਰ ਤੁਹਾਡੇ ਲਈ ਰੱਖੀ ਕੋਈ ਵੀ ਬਰਕਤ ਤੁਹਾਥੋਂ ਦੂਰ ਨਹੀਂ ਕਰੇਗਾ। ਉਹ ਤੁਹਾਨੂੰ ਅਰ ਤੁਹਾਡੇ ਕੰਮਕਾਜ ਨੂੰ ਵਧਾਵੇਗਾ ਅਤੇ ਤੁਹਾਨੂੰ ਪੀੜ੍ਹੀਆਂ ਤੱਕ ਅਸੀਸ ਦੇਵੇਗਾ।

ਜੋ ਲੋਕ ਆਪਣਾ ਪ੍ਰੇਮ ਸਰੀਰਕ ਕਾਮਨਾਵਾਂ ਵਿੱਚ ਅਤੇ ਦੁਨੀਆਂ ਦੇ ਨਾਸ਼ ਹੋਣ ਵਾਲੇ ਰਿਸ਼ਤਿਆਂ ਲਗਾਉਂਦੇ ਹਨ ਉਨ੍ਹਾਂ ਲਈ ਇਹ ਚੁਣੌਤੀ ਹੈ ਕਿ ਉਹ ਪ੍ਰਮੇਸ਼ਵਰ ਨੂੰ ਪ੍ਰੇਮ ਕਰਕੇ ਖੁਦ ਬਦਲਾਅ ਨੂੰ ਵੇਖਣ।ਸਮੁੱਚੇ ਸੰਸਾਰ ਵਿੱਚ ਸਾਡੇ ਪ੍ਰਭੂ ਯਿਸੂ ਤੋਂ ਸੱਚਾ ਕੋਈ ਮਿੱਤਰ ਅਰ ਪਿਆਰ ਕਰਨ ਵਾਲਾ ਹੋ ਹੀ ਨਹੀਂ ਸਕਦਾ।

ਬਹੁਤ ਸਾਰੇ ਲੋਕ ਆਪਣੀਆਂ ਅੱਖਾਂ ਦੀ ਅਭਿਲਾਸ਼ਾ ਅਰ ਧਨ ਦੇ ਲੋਭ ਦੇ ਪਾਪ ਦੇ ਕਾਰਨ ਦੁੱਖ ਭੋਗਦੇ ਹਨ ਅਰ ਉਹ ਇਸ ਵਿੱਚੋਂ ਬਾਹਰ ਵੀ ਨਹੀਂ ਨਿਕਲ ਪਾਉਂਦੇ। ਪਾਪ ਕਰਨ ਲਈ ਟੈਲੀਵਿਜ਼ਨ, ਇੰਟਰਨੈੱਟ ਅਤੇ ਮੋਬਾਇਲ ਉਨ੍ਹਾਂ ਦੀ ਮਦਦ ਕਰਦੇ ਹਨ। ਕੁਝ ਲੋਕ ਆਪਣੇ ਨਾਇਕਾਂ, ਉਨ੍ਹਾਂ ਦੇ ਸਟਾਈਲ ਅਤੇ ਧਨ ਦੌਲਤ ਦੇ ਪਰਤਾਵੇ ਵਿੱਚ ਪੈ ਜਾਂਦੇ ਹਨ। ਉਹ ਅਪਰਾਧਾਂ ਵਿੱਚ ਫ਼ਸ ਕੇ ਜੇਲ੍ਹਾਂ ਵਿੱਚ ਅਰ ਲਾ-ਇਲਾਜ ਬਿਮਾਰੀਆਂ ਲਗਵਾ ਕੇ ਹਸਪਤਾਲਾਂ ਵਿੱਚ ਪਹੁੰਚ ਜਾਂਦੇ ਹਨ।

ਪਿਆਰਿਓ, ਅੱਜ ਤੁਸੀਂ ਆਪਣੇ ਪ੍ਰੇਮ ਦਾ ਨਿਵੇਸ਼ ਕਿੱਥੇ ਕਰ ਰਹੇ ਹੋ?ਕੀ ਤੁਸੀਂ ਸਹੀ ਥਾਂ ਉਸਨੂੰ ਲਗਾ ਰਹੇ ਹੋ? ਕੀ ਤੁਸੀਂ ਉਸਦੇ ਅੰਤ ਬਾਰੇ ਵਿਚਾਰ ਕੀਤਾ ਹੈ? ਜੇਕਰ ਪ੍ਰਭੂ ਤੁਹਾਡੇ ਕੰਮਾਂ ਤੋਂ ਤੁਹਾਨੂੰ ਤਾੜ ਰਿਹਾ ਹੈ ਤਾਂ ਤੁਸੀਂ ਉਸ ਦਲਦਲ ਵਿੱਚੋਂ ਨਿਕਲ ਆਓ ਅਰ ਯਿਸੂ ਦੇ ਪਵਿੱਤਰ ਚੇਹਰੇ ਨੂੰ ਤੱਕੋ।

ਜੀਵਨ ਦੀ ਵਾਸਨਾ ਖ਼ਤਰਨਾਕ ਹੈ। ਘਮੰਡੀਆਂ ਨੂੰ ਪ੍ਰਮੇਸ਼ਵਰ ਉਸਦਾ ਸਾਹਮਣਾ ਕਰਨ ਵਾਲੇ ਸਮਝਦਾ ਹੈ।ਪ੍ਰਮੇਸ਼ਵਰ ਉਹਨਾ ਦਾ ਸਾਹਮਣਾ ਕਰਦਾ ਹੈ (ਯਾਕੂਬ 4:6)। ਕਈ ਗਰੀਬ ਲੋਕ ਵੀ ਇੰਝ ਘਮੰਡ ਕਰਦੇ ਹਨ ਜਿਵੇਂ ਉਹ ਬਹੁਤ ਧਨੀ ਹੋਣ। ਜਦੋਂ ਕਿਸੇ ਨੂੰ ਉਨ੍ਹਾਂ ਦੀ ਅਸਲੀਯਤ ਪਤਾ ਲੱਗ ਜਾਂਦੀ ਹੈ ਤਾਂ ਫਿਰ ਉਹਨਾਂ ਨੂੰ ਅਪਮਾਨ ਦਾ ਸਾਹਮਣਾ ਕਰਨਾ ਪੈਂਦਾ ਹੈ।ਪ੍ਰਮੇਸ਼ਵਰ ਨਿਮਰ ਉੱਤੇ ਦਯਾ ਕਰਦਾ ਹੈ (ਯਾਕੂਬ 4:6)। ਇਸ ਲਈ "ਸੰਸਾਰ ਅਤੇ ਉਸਦੀਆਂ ਵਸਤਾਂ ਨਾਲ ਪ੍ਰੇਮ ਨਾ ਕਰੋ। ਜੇਕਰ ਕੋਈ ਸੰਸਾਰ ਨਾਲ ਪ੍ਰੇਮ ਕਰਦਾ ਹੈ ਤਾਂ ਪਿਤਾ ਦਾ ਪ੍ਰੇਮ ਉਸ ਅੰਦਰ ਨਹੀਂ ਹੈ" (1 ਯੂਹੰਨਾ 2:15)।

## 2. ਯਿਸੂ ਮਸੀਹ ਦੀ ਅਵਾਜ਼ ਨੂੰ ਸੁਣੋ

ਯਿਸੂ ਮਸੀਹ ਦੁਨੀਆਂ ਨੂੰ ਆਪਣੇ ਲੋਕਾਂ, ਲਿਟ੍ਰੇਚਰ ਅਤੇ ਮੀਡੀਆ ਰਾਹੀਂ ਬੁਲਾਉਂਦਾ ਹੈ। ਉਹ ਤੁਹਾਨੂੰ ਇੱਕ ਨਵਾਂ ਜੀਵਨ ਦੇਣਾ ਚਾਹੁੰਦਾ ਹੈ, "ਹੇ ਸਾਰੇ ਥੱਕੇ ਹੋਇਓ ਅਤੇ ਭਾਰ ਹੇਠ ਦੱਬੇ ਹੋਇਓ ਮੇਰੇ ਕੋਲ ਆਓ ਅਰ ਮੈਂ ਤੁਹਾਨੂੰ ਅਰਾਮ ਦੇਵਾਂਗਾ" (ਮੱਤੀ 11:28)।

ਸੰਸਾਰ ਵਿੱਚ ਬਹੁਤ ਸਾਰੇ ਲੋਕ ਅੱਜ ਕੁਝ ਅਜਿਹੇ ਲੋਕਾਂ ਦੇ ਭਰਮਾਂ ਵਿੱਚ ਪਏ ਹੋਏ ਹਨ, ਜੋ ਖੁਦ ਨੂੰ ਪ੍ਰਮੇਸ਼ਵਰ ਦੇ ਸੰਦੇਸ਼ਵਾਹਕ ਜਾਂ ਖੁਦ ਪ੍ਰਮੇਸ਼ਵਰ ਹੀ ਦੱਸਦੇ ਹਨ। ਪਰੰਤੂ ਕੋਈ ਵੀ ਕਦੇ ਯਿਸੂ ਮਗਰ ਚੱਲਣ ਕਰਕੇ ਗਰੀਬ ਨਹੀਂ ਹੋਇਆ। ਇਸਰਾਏਲ ਦਾ ਰਾਜਾ ਦਾਊਦ ਆਖਦਾ ਹੈ, "ਮੈਂ ਜਵਾਨ ਸਾਂ ਅਰ ਹੁਣ ਬੁੱਢਾ ਹੋ

(ਚਲਦਾ ਸਫਾ 6-)


### Echo of His Call Postal Courses
ਪੱਤਰ ਵਿਵਹਾਰ ਰਾਹੀਂ ਬਾਈਬਲ ਕੋਰਸ)

**1. BIBLECOR/ਬਾਈਬਲਕੋਰ**

ਅਸੀਂ ਬਾਈਬਲ ਦੀਆਂ ਮੂਲ ਸੱਚਾਈਆਂ ਤੇ ਪੱਤਰ ਵਿਹਾਰ ਰਹੀ ਇਕ ਕੋਰਸ ਪ੍ਰਤਾਵਿਤ ਕਰ ਰਹੇ ਹਾਂ।ਹਿੰਦੀ ਅੰਗਰੇਜੀ ਅਤੇ ਤਾਮਿਲ ਭਾਸ਼ਾ ਵਿੱਚ ਤੁਹਾਨੂੰ ਕਰੀਬ ੨੦ ਪੰਨਿਆਂ ਦੀ '**ਨਵਾਂ ਜੀਵਨ ਤੁਹਾਡੇ ਲਈ**' ਨਾਮ ਦੀ ਇੱਕ ਕੋਰਸ ਦੀ ਕਿਤਾਬ ਦਿੱਤੀ ਜਾਵੇਗੀ।ਕੋਰਸ ਦੇ ਅੰਤ ਵਿੱਚ ਤੁਹਾਨੂੰ ਇੱਕ ਸਰਟੀਫਿਕੇਟ ਦਿੱਤਾ ਜਾਵੇਗਾ।ਫੀਸ ਜਰੂਰੀ ਨਹੀਂ ਹੋਵੇਗੀ।ਇਹ ਕੋਰਸ ਸਿਰਫ ਭਾਰਤ ਲਈ ਉਪਲਬਧ ਹੈ

**2. THEOLOGICAL CORRESPONDENCE COURSE**

ਪਾਦਰੀਆਂ, ਪ੍ਰਚਾਰਕਾਂ ਅਤੇ ਮਸੀਹੀ ਆਗੂਆਂ ਲਈ ਵੀ **Advanced Distance Education** ਕੋਰਸ **Theological Correspondence Course** ਉਪਲਬਧ ਹੈ! ੧੦੦੦/- ਰੁਪਏ ਫੀਸ ਚਾਰਜ ਕੀਤੀ ਜਾਵੇਗੀ। ੧੪੨ ਪਾਠਾਂ ਦੀਆਂ ੨ ਕਿਤਾਬਾਂ ਭੇਜਜਣੀਆਂ ਜਾਣਗੀਆਂ । ਤੁਸੀਂ **Certificate in Ministry** ਪ੍ਰਾਪਤ ਕਰ ਸਕਦੇ ਹੋ!

**ਵਧੇਰੇ ਜਾਣਕਾਰੀ ਲਈ ਸਾਨੂੰ ਅੱਜ ਹੀ ਲਿਖੋ :**



**The Chairman, Nehemiah Bible College, Echo of His Call**
10, Mohammed Abdullah 2nd Street, Opp. Cricket Stadium,
Chepauk, Chennai - 600 005, India.
**Ph.: (044) 2852 8282, 2852 9293, 2854 7766, Cell : (+91) 98410 71852, 95661 31858 E-mail : biblecor@yahoo.co.in**


**ਸਾਡੇ ਬੈਂਕ ਖਾਤਿਆਂ ਦਾ ਵੇਰਵ,ਕਿਰਪਾ ਕਰਕੇ ਸਾਨੂੰ ਆਪਣੇ ਅਨੁਦਾਨਾਂ ਬਾਰੇ ਸੂਚਨਾ ਜ਼ਰੂਰ ਦਿਓ**

The details of our Bank Accounts are given below. Please inform us the details of your remittances.

| Bank | Branch | Name | IFSC Code No. | Account Number |
|---|---|---|---|---|
| 1. STATE BANK OF INDIA | Triplicane, Chennai -5 | S. Sam Selva Raj | SBIN 0000249 | 10232934679 |
| 2. ICICI BANK | Anna Salai, Chennai -2 | Echo of His Call | ICIC 0006038 | 603805022319 |

## GREAT COMMISSION PARTNERS -ਮਹਾਨ ਆਦੇਸ਼ ਸਹਿਭਾਗੀ

TO SHARE (Galatians 6:2), SUPPORT (Romans 12:13) & SPEEDUP (II Timothy 1:6)
ਵੰਡਣਾ (ਗਲਾਤੀਆਂ ੬:੨), ਸਹਾਇਤਾ ਕਰਨਾ(ਰੋਮੀਆਂ ੧੨:੧੩) ਅਤੇ ਤੇਜੀ ਕਰਨਾ (੨ਤਿਮੋਥੀਅਸ ੧:੬)

### ਪ੍ਰਾਰਥਨਾ ਅਤੇ ਵਡਿਆਈ ਦੇ ਮੁੱਦੇ

### 19 ਫਰਵਰੀ 2020 ਤੋਂ 18 ਮਾਰਚ 2020 ਤੱਕ

(ਕਿਰਪਾ ਕਰੇ ਇਹ ਪੰਨਾ ਬਾਹਰ ਕੱਢ ਲਓ, ਇਸ ਨੂੰ ਮੋੜੋ ਅਤੇ ਆਪਣੀ ਬਾਈਬਲ ਵਿੱਚ ਰੱਖੋ ਅਤੇ ਲਗਾਤਾਰ ਪ੍ਰਾਰਥਨਾ ਕਰੋ)

## ਪ੍ਰਮੇਸ਼ਵਰ ਕੰਮ ਕਰ ਰਿਹਾ ਹੈ!

### ਵਡਿਆਈ ਦੇ ਮੁੱਦੇ

19 ਫਰਵਰੀ: ਸੇਵਕਾਈ ਵਿੱਚ ਸਾਡੇ ਕਾਮਿਆਂ ਦੇ ਸਮਰਪਣ ਅਤੇ ਏਕਤਾ ਲਈ ਪ੍ਰਭੂ ਦੀ ਵਡਿਆਈ ਹੋਵੇ।

20 ਫਰਵਰੀ: ਬੁਲਾਵੇ ਦੀ ਗੂੰਜ ਸੇਵਕਾਈਆਂ ਦੇ ਸਭ ਸਹਿਯੋਗੀਆਂ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

21 ਫਰਵਰੀ: ਸਾਡੇ ਤਕਨੀਕੀ ਸਟਾਫ ਅਰ ਉਨ੍ਹਾਂ ਦੇ ਪਰਿਵਾਰਾਂ ਲਈ ਪ੍ਰਭੂ ਦਾ ਸ਼ੁਕਰ ਕਰੀਏ।

22 ਫਰਵਰੀ: ਸਾਡੇ ਮੁੱਖ ਚਰਚ ਵਿੱਚ 5 ਭਾਸ਼ਾਵਾਂ ਵਿੱਚ ਹੋਣ ਵਾਲੀਆਂ 7 ਸਭਾਵਾਂ ਨੂੰ ਪ੍ਰਭੂ ਨੇ ਅਸੀਸ ਦਿੱਤੀ।

23 ਫਰਵਰੀ: ਪ੍ਰਮੇਸ਼ਵਰ ਨੇ ਸਾਡੇ ਮੁੱਖ ਚਰਚ ਅਰ ਬ੍ਰਾਂਚ ਚਰਚਾਂ ਨੂੰ ਬਰਕਤ ਦਿੱਤੀ।

24 ਫਰਵਰੀ: ਅਸੀਂ ਸਾਡੇ ਸੇਂਟ ਪੌਲ ਮੈਟ੍ਰਿਕੁਲੇਸ਼ਨ ਸਕੂਲ ਦੇ ਪ੍ਰਿੰਸੀਪਲ, ਅਧਿਆਪਕਾਂ ਅਰ ਸਟਾਫ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

25 ਫਰਵਰੀ: ਪ੍ਰਮੇਸ਼ਵਰ ਨੇ ਸਾਡੇ ਛਾਪੇਖਾਨੇ ਵਿੱਚ 16 ਭਾਸ਼ਾਵਾਂ ਵਿੱਚ ਛਪੇ ਸੁਸਮਾਚਾਰ ਸਾਹਿਤ ਨੂੰ ਬਰਕਤ ਦੇ ਕੇ ਮਿਸ਼ਨ ਖੇਤਰਾਂ ਵਿੱਚ ਭੇਜਿਆ।

26 ਫਰਵਰੀ: ਸਾਡੀ ਹਸਪਤਾਲ ਸੇਵਕਾਈ ਵਿੱਚ ਪ੍ਰਮੇਸ਼ਵਰ ਆਪਣੇ ਚਮਤਕਾਰ ਦਿਖਾ ਰਿਹਾ ਹੈ।

27 ਫਰਵਰੀ: ਅਸੀਂ ਬੁਲਾਵੇ ਦੀ ਗੂੰਜ ਸੇਵਕਾਈਆਂ ਦੇ ਪ੍ਰਾਰਥਨਾ ਸਹਿਭਾਗੀਆਂ, ਵਿਸ਼ਵਾਸ ਸਹਿਭਾਗੀਆਂ, ਜੀਵਨ ਸਹਿਭਾਗੀਆਂ ਅਤੇ ਮਹਾਂ-ਆਦੇਸ਼ ਸਹਿਭਾਗੀਆਂ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

28 ਫਰਵਰੀ: ਪਿਛਲੇ ਸਾਲ ਪ੍ਰਮੇਸ਼ਵਰ ਨੇ ਸੁਸਮਾਚਾਰ ਨੂੰ ਲੈ ਕੇ ਨਵੇਂ ਇਲਾਕਿਆਂ ਵਿੱਚ ਪਹੁੰਚਣ ਵਿੱਚ ਸਾਡੀ ਮਦਦ ਕੀਤੀ।

29 ਫਰਵਰੀ: ਸਾਡੇ ਮੁੱਖ ਚਰਚ ਦੇ ਸਹਿ-ਕਰਮੀਆਂ ਲਈ ਅਸੀਂ ਪ੍ਰਮੇਸ਼ਵਰ ਦੀ ਵਡਿਆਈ ਕਰੀਏ।

01 ਮਾਰਚ: ਪ੍ਰਮੇਸ਼ਵਰ ਨੇ ਪਿਛਲੇ ਮਹੀਨੇ ਬੁਲਾਵੇ ਦੀ ਗੂੰਜ ਦੀਆਂ ਕਲੀਸਿਆਵਾਂ ਦੀਆਂ ਸਭ ਗਤੀਵਿਧੀਆਂ ਨੂੰ ਸਫਲ ਕੀਤਾ।

02 ਮਾਰਚ: ਸਾਡੀਆਂ ਸਭ ਗੱਡੀਆਂ ਅਰ ਡ੍ਰਾਈਵਰਾਂ ਨੂੰ ਸੰਭਾਲਣ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

03 ਮਾਰਚ: ਪ੍ਰਮੇਸ਼ਵਰ ਸਾਡੇ ਸੀਨਿਅਰ ਪਾਸਟਰ ਐੱਸ ਸੈਮ ਸੇਲਵਾ ਰਾਜ ਅਤੇ ਪਰਿਵਾਰ ਨੂੰ ਸਭ ਬੁਰੀਆਂ ਤਾਕਤਾਂ ਤੋਂ ਬਚਾ ਕੇ ਰੱਖ ਰਿਹਾ ਹੈ।

### ਪ੍ਰਾਰਥਨਾ ਦੇ ਮੁੱਦੇ

04 ਮਾਰਚ: ਪ੍ਰਾਰਥਨਾ ਕਰੀਏ ਕਿ ਪ੍ਰਮੇਸ਼ਵਰ ਬੁਲਾਵੇ ਦੀ ਗੂੰਜ ਸੇਵਕਾਈਆਂ ਦੀਆਂ ਇਸ ਮਹੀਨੇ ਦੀਆਂ ਸਭ ਆਰਥਿਕ ਲੋੜਾਂ ਨੂੰ ਪੂਰਾ ਕਰੇ।

05 ਮਾਰਚ: ਅਸੀਂ ਬਾਈਬਲਕੋਰ-ਬੇਸਿਕ ਬਾਈਬਲ ਪੱਤਰਵਿਹਾਰ ਕੋਰਸਾਂ ਅਰ ਥਿਆਲੋਜੀਕਲ ਪੱਤਰ ਵਿਹਾਰ ਕੋਰਸਾਂ ਦੇ ਵਿਦਿਆਰਥੀਆਂ ਲਈ ਪ੍ਰਾਰਥਨਾ ਕਰੀਏ।

06 ਮਾਰਚ: ਸਭ ਨਸ਼ਿਆਂ ਵਿੱਚ ਫਸੇ ਹੋਏ ਲੋਖ ਨਸ਼ਿਆਂ ਨੂੰ ਛੱਡ ਸਕਣ।

07 ਮਾਰਚ: ਸਾਡੇ ਦੇਸ਼ ਦੇ ਜਵਾਨ ਲੜਕੇ ਅਰ ਲੜਕੀਆਂ ਪ੍ਰਮੇਸ਼ਵਰ ਦੀ ਨਜ਼ਦੀਕੀ ਦਾ ਜੀਵਨ ਜੀਣ।

08 ਮਾਰਚ: ਪ੍ਰਮੇਸ਼ਵਰ ਸਾਡੇ ਚਰਚ ਮੈਂਬਰਾਂ ਨੂੰ ਮਿਸ਼ਨ ਖੇਤਰਾਂ ਵਿੱਚ ਕੰਮ ਕਰਨ ਵਾਲੇ ਕਾਮਿਆਂ ਲਈ ਪ੍ਰਾਰਥਨਾ ਕਰਨ ਦਾ ਆਤਮਾ ਦੇਵੇ।

09 ਮਾਰਚ: ਅਸੀਂ ਸਾਡੀ ਅਫਰੀਕਨ ਸਹਾਇਕ ਸੰਪਾਦਕ ਸਿ: ਮੈਰਿਟਜੀ ਨੈਲਸਨ, ਉਨ੍ਹਾਂ ਦੇ ਪਰਿਵਾਰ ਅਤੇ ਸਹਾਇਕਾਂ ਲਈ ਪ੍ਰਾਰਥਨਾ ਕਰੀਏ।

10 ਮਾਰਚ: ਪ੍ਰਾਰਥਨਾ ਕਰੀਏ ਕਿ ਪ੍ਰਮੇਸ਼ਵਰ ਸੰਸਾਰ ਭਰ ਵਿੱਚ ਸ਼ਾਂਤੀ ਬਹਾਲ ਕਰੇ।

11 ਮਾਰਚ: ਪ੍ਰਮੇਸ਼ਵਰ ਸਾਡੇ ਨਹਮਯਾਹ ਬਾਈਬਲ ਕਾਲਜਾਂ ਲਈ ਸਾਲ 2020-2021 ਵਿੱਚ ਲੋੜੀਂਦੇ ਵਿਦਿਆਰਥੀ ਮੁਹੱਈਆ ਕਰੇ।

12 ਮਾਰਚ: ਪ੍ਰਮੇਸ਼ਵਰ ਸਭ ਦੇਸ਼ਾਂ ਦੀ ਬੇਦਾਰੀ ਲਈ ਪ੍ਰਾਰਥਨਾ ਕਰਨ ਵਾਲੇ ਹੋਰ ਪ੍ਰਾਰਥਨਾ ਯੋਧੇ ਖੜੇ ਕਰੇ।

13 ਮਾਰਚ: ਪ੍ਰਮੇਸ਼ਵਰ ਲੋੜੀਂਦਾ ਵਿੱਤ ਮੁਹੱਈਆ ਕਰੇ ਕਿ ਅਸੀਂ ਆਪਣੇ ਸੁਸਮਾਚਾਰ ਛਾਪੇਖਾਨੇ ਲਈ ਫੋਲਡਿੰਗ ਮਸ਼ੀਨ ਅਤੇ ਪਿਨਿੰਗ ਮਸ਼ੀਨ ਖਰੀਦ ਸਕੀਏ।

14 ਮਾਰਚ: ਪ੍ਰਮੇਸ਼ਵਰ ਸਾਡੇ ਰਾਜਨੇਤਾਵਾਂ ਨੂੰ ਛੁਟਕਾਰੇ ਦਾ ਅਨੁਭਵ ਦੇਵੇ।

15 ਮਾਰਚ: ਬੁਲਾਵੇ ਦੀ ਗੂੰਜ ਸੇਵਕਾਈਆਂ ਦੇ ਵਾਧੇ ਅਰ ਵਿਸਤਾਰ ਲਈ ਪ੍ਰਾਰਥਨਾ ਕਰੀਏ।

16 ਮਾਰਚ: ਸੰਸਾਰ ਭਰ ਦੇ ਸਭ ਲੋਕਾਂ ਅਤੇ ਅੱਤਵਾਦੀਆਂ ਅੰਦਰ ਪਛਤਾਪ ਦੀ ਭਾਵਨਾ ਆਉਣ ਲਈ ਪ੍ਰਾਰਥਨਾ ਕਰੀਏ।

17 ਮਾਰਚ: ਪ੍ਰਮੇਸ਼ਵਰ ਸਾਡੇ ਦਫ਼ਤਰ ਅਰ ਸਕੂਲ ਵਿੱਚ ਲੋੜੀਦਾ ਸਟਾਫ ਮੁਹੱਈਆ ਕਰੇ।

18 ਮਾਰਚ: ਪ੍ਰਮੇਸ਼ਵਰ ਸਾਡੇ ਮੁੱਖ ਪਾਸਟਰ ਐੱਸ. ਸੈਮ ਸੇਲਵਾ ਰਾਜ ਅਤੇ ਪਰਿਵਾਰ ਨੂੰ ਸੰਸਾਰ ਭਰ ਦੀਆਂ ਸਭ ਬੁਰੀਆਂ ਤਾਕਤਾਂ ਤੋਂ ਹਮੇਸ਼ਾ ਬਚਾ ਕੇ ਰੱਖੇ।

ਗਿਆ ਹਾਂ ਪਰ ਮੈਂ ਧਰਮੀ ਨੂੰ ਤਿਆਗਿਆ ਹੋਇਆ ਅਰ ਟੁਕੜੇ ਮੰਗਦੇ ਨਹੀਂ ਵੇਖਿਆ" (ਜ਼ਬੂਰ 37:25)।

"ਹੇ ਪ੍ਰਮੇਸ਼ਵਰ ਦੇ ਪੁੱਤ੍ਰੋ ਮੰਨੋ, ਮਹਿਮਾ ਅਤੇ ਸਮਰੱਥਾ ਯਹੋਵਾਹ ਦੀ ਮੰਨੋ। ਮਹਿਮਾ ਯਹੋਵਾਹ ਦੇ ਨਾਮ ਦੀ ਮੰਨੋ, ਪਵਿੱਤਰ ਬਸਤਰ ਵਿੱਚ ਪ੍ਰਮੇਸ਼ਵਰ ਨੂੰ ਮੱਥਾ ਟੇਕੋ। ਯਹੋਵਾਹ ਦੀ ਅਵਾਜ਼ ਪਾਣੀਆਂ ਉੱਤੇ ਹੈ, ਜਲਾਲ ਦਾ ਪ੍ਰਮੇਸ਼ਵਰ ਗਰਜਦਾ ਹੈ, ਯਹੋਵਾਹ ਵੱਡੇ ਪਾਣੀਆਂ ਦੇ ਉੱਤੇ ਹੈ। ਯਹੋਵਾਹ ਦੀ ਅਵਾਜ਼ ਜ਼ੋਰ ਵਾਲੀ ਹੈ, ਯਹੋਵਾਹ ਦੀ ਅਵਾਜ਼ ਸ਼ਾਨਦਾਰ ਹੈ। ਯਹੋਵਾਹ ਦੀ ਅਵਾਜ਼ ਦਿਆਰਾਂ ਨੂੰ ਤੋੜਦੀ ਹੈ, ਸਗੋਂ ਯਹੋਵਾਹ ਲਬਾਨੋਨ ਦੇ ਦਿਆਰਾਂ ਨੂੰ ਤੋੜ ਸੁੱਟਦਾ ਹੈ। ਉਹ ਉਨ੍ਹਾਂ ਨੂੰ ਵੱਛੇ ਵਾਂਙੁ ਲਬਾਨੋਨ ਅਰ ਸਿਰਯੋਨ ਨੂੰ ਜੰਗਲੀ ਵੱਛੇ ਵਾਂਙੁ ਕੁਦਾਉਂਦਾ ਹੈ। ਯਹੋਵਾਹ ਦੀ ਅਵਾਜ਼ ਅੱਗ ਦੀਆਂ ਲਾਟਾਂ ਵਿੱਚ ਪਾਟਦੀ ਹੈ। ਯਹੋਵਾਹ ਦੀ ਅਵਾਜ਼ ਉਜਾੜ ਨੂੰ ਹਿਲਾਉਂਦੀ ਹੈ, ਯਹੋਵਾਹ ਕਾਦੇਸ਼ ਦੀ ਉਜਾੜ ਨੂੰ ਹਿਲਾਉਂਦਾ ਹੈ।ਯਹੋਵਾਹ ਦੀ ਅਵਾਜ਼ ਹਰਨੀਆਂ ਨੂੰ ਪੀੜਾਂ ਲਾ ਦਿੰਦੀ ਹੈ ਅਤੇ ਜੰਗਲਾਂ ਨੂੰ ਝਾੜ ਸੁੱਟਦੀ ਹੈ ਅਤੇ ਉਹ ਦੀ ਹੈਕਲ ਵਿੱਚ ਹਰ ਇੱਕ ਆਖਦਾ ਹੈ "ਮਹਿਮਾ"! ਯਹੋਵਾਹ ਜਲ ਪਰਲੋ ਉੱਤੇ ਬੈਠਾ ਹੈ ਅਤੇ ਯਹੋਵਾਹ ਸਦਾ ਲਈ ਪਾਤਸ਼ਾਹ ਹੋ ਕੇ ਬੈਠਦਾ ਹੈ।ਯਹੋਵਾਹ ਆਪਣੀ ਪਰਜਾ ਨੂੰ ਬਲ ਦੇਵੇਗਾ, ਯਹੋਵਾਹ ਆਪਣੀ ਪਰਜਾ ਨੂੰ ਸ਼ਾਂਤੀ ਦੀ ਬਰਕਤ ਬਖ਼ਸ਼ੇਗਾ" (ਜ਼ਬੂਰ 29:1-11)।

ਸੱਚਮੁਚ ਪ੍ਰਭੂ ਯਿਸੂ ਮਸੀਹ ਤੁਹਾਨੂੰ ਬੁਲਾ ਰਿਹਾ ਹੈ। ਇਸ ਨਵੇਂ ਸਾਲ ਵਿੱਚ ਉਹ ਤੁਹਾਨੂੰ ਨਵਾਂ ਜੀਵਨ ਅਰ ਖੁਸ਼ਹਾਲੀ ਦੇਣਾ ਚਾਹੁੰਦਾ ਹੈ। ਇਸ ਸੰਦੇਸ਼ ਰਾਹੀਂ ਪ੍ਰਭੂ ਯਿਸੂ ਤੁਹਾਡੇ ਦਿਲ ਦੇ ਦਰਵਾਜ਼ੇ ਨੂੰ ਖੜਕਾ ਰਿਹਾ ਹੈ। ਉਸਨੂੰ ਅਣਸੁਣਾ ਨਾ ਕਰੋ।

ਤੁਸੀਂ ਲੰਬੇ ਸਮੇਂ ਤੋਂ ਮਸੀਹੀ ਹੋ ਸਕਦੇ ਹੋ! ਤੁਸੀਂ ਪ੍ਰਭੂ ਦੀ ਸੇਵਾ ਵਿੱਚ ਹੋ ਸਕਦੇ ਹੋ!! ਤੁਸੀਂ ਬਹੁਤ ਭੇਂਟ ਦਿੰਦੇ ਹੋ ਸਕਦੇ ਹੋ!!!ਤਦ ਵੀ ਪ੍ਰਭੂ ਇਸ ਗੱਲ ਲਈ ਚਿੰਤਤ ਹੈ ਕਿ ਤੁਸੀਂ ਆਪਣਾ ਪਹਿਲਾ ਪਿਆਰ ਗੁਆ ਲਿਆ ਹੈ! (ਪ੍ਰਕਾਸ਼ ਦੀ ਪੋਥੀ 2:4)।

ਸਮੇਂ ਦੇ ਨਾਲ ਕਈ ਵਾਰ ਮਨੁੱਖ ਦੇ ਪ੍ਰਾਰਥਨਾ ਜੀਵਨ ਅਤੇ ਪਵਿੱਤਰਤਾਈ ਦੇ ਜੀਵਨ ਵਿੱਚ ਕਮੀ ਆ ਸਕਦੀ ਹੈ। ਹੋ ਸਕਦਾ ਹੈ ਕਿ ਉਹ ਆਰਥਿਕ ਅਰ ਪਰਿਵਾਰਕ ਜੀਵਨ ਵਿੱਚ ਜ਼ਿਆਦਾ ਵਫ਼ਾਦਾਰ ਨਾ ਰਹਿ ਸਕੇ। ਪਰੰਤੂ ਸੁਧਾਰ ਤੁਰੰਤ ਕਰ ਲੈਣਾ ਚਾਹੀਦਾ ਹੈ। ਤੁਹਾਡੇ ਜੀਵਨ ਵਿੱਚ ਕੰਮ ਕਰਨ ਵਾਲਾ ਪ੍ਰਭੂ ਯਿਸੂ ਜਲਦੀ ਹੀ ਬੱਦਲਾਂ ਵਿੱਚ ਆ ਸਕਦਾ ਹੈ। "ਤੁਸੀਂ ਜਾਣਦੇ ਹੋ ਕਿ ਪ੍ਰਭੂ ਦਾ ਦਿਨ ਰਾਤ ਨੂੰ ਆਉਣ ਵਾਲੇ ਚੋਰ ਵਾਂਗ ਅਚਾਨਕ ਆ ਜਾਵੇਗਾ" (1 ਥੱਸਲੁਨੀਕੀਆਂ 5:2)। ਸਵਰਗ-ਆਰੋਹਣ ਤੋਂ ਬਾਦ ਕੋਈ ਮੌਕਾ ਨਹੀਂ ਮਿਲੇਗਾ। ਪ੍ਰਭੂ ਯਿਸੂ ਸਫ਼ੇਦ ਸਿੰਘਾਸਨ ਤੇ ਬੈਠ ਕੇ ਸੰਸਾਰ ਦਾ ਨਿਆਂ ਕਰੇਗਾ। ਜਿਹੜੇ ਉਸ ਕੋਲ ਆ ਗਏ ਹਨ, ਉਹ ਮੁਬਾਰਕ ਹਨ!

## ਉਨ੍ਹਾਂ ਗੱਲਾਂ ਨੂੰ ਧਿਆਨ ਨਾਲ ਪੜ੍ਹ ਲਓ ਜੋ ਜਲਦੀ ਵਾਪਰਨ ਵਾਲੀਆਂ ਹਨ

ਫੇਰ ਮੈਂ ਇੱਕ ਵੱਡਾ ਅਤੇ ਚਿੱਟਾ ਸਿੰਘਾਸਨ ਅਤੇ ਉਸਨੂੰ ਜਿਹੜਾ ਉਸ ਉੱਤੇ ਵਿਰਾਜਮਾਨ ਸੀ ਵੇਖਿਆ ਜਿਹ ਦੇ ਸਾਹਮਣਿਓ ਧਰਤੀ ਤੇ ਅਕਾਸ਼ ਨੱਸ ਗਏ ਅਤੇ ਉਨ੍ਹਾਂ ਦੇ ਲਈ ਕੋਈ ਥਾਂ ਨਾ ਮਿਲਿਆ। ਅਤੇ ਮੈਂ ਮੁਰਦਿਆਂ ਨੂੰ ਕੀ ਵੱਡੇ ਕੀ ਛੋਟੇ ਸਿੰਘਾਸਨ ਦੇ ਅੱਗੇ ਖਲੋਤੇ ਵੇਖਿਆ, ਅਤੇ ਪੋਥੀਆਂ ਖੋਲੀਆਂ ਗਈਆਂ ਅਤੇ ਇੱਕ ਹੋਰ ਪੋਥੀ ਜਿਹੜੀ ਜੀਵਨ ਦੀ ਪੋਥੀ ਹੈ ਖੋਲੀ ਗਈ ਅਤੇ ਮੁਰਦਿਆਂ ਦਾ ਨਿਆਂਓਂ ਪੋਥੀਆਂ ਵਿੱਚ ਲਿਖੀਆਂ ਹੋਈਆਂ ਗੱਲਾਂ ਤੋਂ ਉਹਨਾਂ ਦੀਆਂ ਕਰਨੀਆਂ ਦੇ ਅਨੁਸਾਰ ਕੀਤਾ ਗਿਆ। ਤਾਂ ਕਾਲ ਅਤੇ ਪਤਾਲ ਅੱਗ ਦੀ ਝੀਲ ਵਿੱਚ ਸੁੱਟੇ ਗਏ। ਇਹ ਦੂਈ ਮੌਤ ਹੈ ਅਰਥਾਤ ਅੱਗ ਦੀ ਝੀਲ ਅਤੇ ਜੇ ਕੋਈ ਜੀਵਨ ਦੀ ਪੋਥੀ ਵਿੱਚ ਲਿਖਿਆ ਹੋਇਆ ਨਾ ਲੱਭਾ ਤਾਂ ਉਹ ਅੱਗ ਦੀ ਝੀਲ ਵਿੱਚ ਸੁੱਟਿਆ ਗਿਆ" (ਪ੍ਰਕਾਸ਼ ਦੀ ਪੋਥੀ 20:11-15)।

## ਕੀ ਅਸੀਂ ਬਚਾਏ ਨਹੀਂ ਗਏ?

"ਹੇ ਇਸਰਾਏਲ ਤੂੰ ਧੰਨ ਹੈ! ਤੇਰੇ ਵਰਗਾ ਕੌਣ ਹੈ? ਯਹੋਵਾਹ ਦੀ ਬਚਾਈ ਹੋਈ ਪਰਜਾ, ਤੇਰੀ ਸਹਾਇਤਾ ਸੀ ਢਾਲ ਅਤੇ ਪ੍ਰਤਾਪ ਦੀ ਤੇਗ, ਤੇਰੇ ਵੈਰੀ ਤੈਥੋਂ ਝਿਜਕਣਗੇ ਪਰ ਤੂੰ ਉਨ੍ਹਾਂ ਦੇ ਉੱਚੇ ਸਥਾਨਾਂ ਉੱਤੇ ਮਿੱਧਦਾ ਫਿਰੇਂਗਾ" (ਬਿਵਸਥਾ ਸਾਰ 33:29)।

## 3. ਉਸ ਨਾਲ ਲਿਪਟੇ ਰਹੋ, ਓਹੀ ਤੁਹਾਡਾ ਜੀਵਨ ਬਲਕਿ ਲੰਬਾ ਜੀਵਨ ਹੈ

ਪਿਆਰਿਓ! ਮੇਰਾ ਲੰਬਾ ਜੀਵਨ ਜੋ ਕਿ ਪ੍ਰਭੂ ਯਿਸੂ ਮਸੀਹ ਨਾਲ ਲਿਪਟਿਆ ਹੋਇਆ ਹੈ, ਸੁਹਾਵਣਾ ਅਰ ਫ਼ਲਵੰਤ ਹੈ। ਮੈਂ ਉਸਨੂੰ ਚੱਖਣ ਤੋਂ ਬਾਦ ਹੀ ਤੁਹਾਨੂੰ ਦੱਸ ਰਿਹਾ ਹਾਂ। ਜੇਕਰ ਤੁਸੀਂ ਇਸ ਮੌਕੇ ਨੂੰ ਗੁਆ ਲਿਆ ਤਾਂ ਤੁਸੀਂ ਬਹੁਤ ਨੁਕਸਾਨ ਝੱਲੋਗੇ ਅਰ ਹਾਰਿਆਂ ਹੋਇਆਂ ਦੀ ਕਤਾਰ ਵਿੱਚ ਸਭ ਤੋਂ ਅੱਗੇ ਹੋਵੋਗੇ। ਉਸ ਵੇਲੇ ਤੁਹਾਨੂੰ ਪਛਤਾਵਾ ਹੋਵੇਗਾ ਕਿ ਤੁਸੀਂ ਯਿਸੂ ਮਸੀਹ ਨੂੰ ਅਪਣਾ ਕੇ ਜੇਤੂ ਜੀਵਨ ਕਿਉਂ ਹਾਸਲ ਨਹੀਂ ਕੀਤਾ। ਇਸ ਲਈ ਇਹ ਮੌਕਾ ਹੈ ਕਿ ਤੁਸੀਂ ਯਿਸੂ ਕੋਲ ਆ ਜਾਓ! ਤੁਸੀਂ ਮੁਬਾਰਕ ਹੋਵੋਗੇ!! ਆਪਣਾ ਸੰਪੂਰਨ ਜੀਵਨ ਪ੍ਰਭੂ ਯਿਸੂ ਮਸੀਹ ਨੂੰ ਸੌਂਪ ਦਿਓ। ਉਹ ਤੁਹਾਨੂੰ ਬਰਕਤਾਂ ਭਰਿਆ ਲੰਬਾ ਜੀਵਨ ਦੇਵੇਗਾ! ਅੱਗੇ ਲਿਖੇ ਗੀਤ ਦੀਆਂ ਸਤਰਾਂ ਤੁਹਾਡੇ ਜੀਵਨ ਦਾ ਅਨੁਭਵ ਬਣ ਜਾਣ:

1. ਪ੍ਰਭੂ ਮੇਰਾ ਜੀਵਨ ਲੈ ਲਓ ਅਤ ਤੁਹਾਡੇ ਲਈ ਉਸਨੂੰ ਸ਼ੁੱਧ ਕਰੋ; ਮੇਰਾ ਸਮਾਂ ਅਰ ਮੇਰੇ ਦਿਨ ਲੈ ਲਓ ਅਰ ਉਨ੍ਹਾਂ ਵਿੱਚ ਲਗਾਤਾਰ ਅਰਾਧਨਾ ਹੁੰਦੀ ਰਹੇ, ਉਨ੍ਹਾਂ ਵਿੱਚ ਲਗਾਤਾਰ ਅਰਾਧਨਾ ਹੁੰਦੀ ਰਹੇ।
2. ਮੇਰੇ ਹੱਥਾਂ ਨੂੰ ਲੈ ਲਓ ਤਾਂ ਕਿ ਉਹ ਤੁਹਾਡੇ ਪ੍ਰੇਮ ਦੀਆਂ ਧੁਨਾਂ ਉੱਤੇ ਇਸਤੇਮਾਲ ਹੋਣ; ਮੇਰੇ ਪੈਰਾਂ ਨੂੰ ਲੈ ਲਓ ਤਾਂ ਕਿ ਉਹ ਤੁਹਾਡੇ ਲਈ ਛੋਹਲੇ ਅਰ ਸੁੰਦਰ ਬਣ ਜਾਣ, ਤੁਹਾਡੇ ਲਈ ਛੋਹਲੇ ਅਰ ਸੁੰਦਰ ਬਣ ਜਾਣ।
3. ਮੇਰੀ ਅਵਾਜ਼ ਨੂੰ ਲੈ ਲਓ ਕਿ ਮੈਂ ਸਦਾ ਕੇਵਲ ਆਪਣੇ ਬਾਦਸ਼ਾਹ ਲਈ ਹੀ ਗਾਵਾਂ; ਮੇਰੇ ਹੋਠਾਂ ਨੂੰ ਲੈ ਲਓ ਕਿ ਉਹ ਤੁਹਾਡੇ ਸੰਦੇਸ਼ ਨਾਲ ਭਰੇ ਰਹਿਣ, ਤੁਹਾਡੇ ਸੰਦੇਸ਼ ਨਾਲ ਭਰੇ ਰਹਿਣ।
4. ਮੇਰਾ ਸੋਨਾ ਅਰ ਚਾਂਦੀ ਲੈ ਲਓ, ਇੱਕ ਕੌਡੀ ਵੀ ਮੈਂ ਖੁਦ ਲਈ ਨਾ ਰੱਖਾਂ; ਮੇਰੇ ਮਨ ਨੂੰ ਲੈ ਲਓ ਅਤੇ ਮੇਰੀ ਹਰ ਤਾਕਤ ਨੂੰ ਤੁਹਾਡੀ ਯੋਜਨਾ ਅਨੁਸਾਰ ਚਲਣਾ, ਹਰ ਤਾਕਤ ਨੂੰ ਤੁਹਾਡੀ ਇੱਛਾ ਅਨੁਸਾਰ ਚਲਾਓ।
5. ਮੇਰੀ ਯੋਜਨਾ ਨੂੰ ਲੈ ਲਓ ਅਰ ਉਸਨੂੰ ਤੁਹਾਡੀ ਬਣਾ ਲਓ; ਉਹ ਮੇਰੀ ਨਾ ਰਹੇ। ਮੇਰਾ ਦਿਲ ਵੀ ਲੈ ਲਓ ਉਹ ਤੁਹਾਡਾ ਹੀ ਹੈ। ਉਹ ਤੁਹਾਡਾ ਪਵਿੱਤਰ ਸਿੰਘਾਸਨ ਬਣ ਜਾਵੇ, ਉਹ ਤੁਹਾਡਾ ਪਵਿੱਤਰ ਸਿੰਘਾਸਨ ਬਣ ਜਾਵੇ।
6. ਮੇਰੇ ਪਿਆਰ ਨੂੰ ਲੈ ਲਓ; ਮੇਰੇ ਪ੍ਰਭੂ ਮੈਂ ਇਸ ਖ਼ਜ਼ਾਨੇ ਨੂੰ ਤੁਹਾਡੇ ਚਰਨਾਂ ਵਿੱਚ ਡੋਲਦਾ ਹਾਂ। ਮੈਨੂੰ ਲੈ ਲਓ, ਅਰ ਮੈਂ ਸਦਾ ਤੁਹਾਡਾ ਬਣਕੇ ਹੀ ਜੀਵਾਂਗਾ, ਸਦਾ ਤੁਹਾਡਾ ਬਣਕੇ ਹੀ ਜੀਵਾਂਗਾ।

# ਇੱਕ ਦੂਜੇ ਨੂੰ ਤਸੱਲੀ ਦਿਓ!

ਜਦੋਂ ਸਾਡੇ ਸਮਾਜ ਵਿੱਚ ਬਹੁਤ ਸਾਰੇ ਅਜਿਹੇ ਲੋਕ ਹਨ ਜਿਨ੍ਹਾਂ ਨੂੰ ਤਸੱਲੀ ਦੀ ਲੋੜ ਹੈ ਤਾਂ ਅਸੀਂ ਵੇਖਦੇ ਹਾਂ ਕਿ ਲੋਕ ਉਨ੍ਹਾਂ ਨੂੰ ਤਸੱਲੀ ਦੇਣ ਦੀ ਥਾਂ ਉਨ੍ਹਾਂ ਉੱਤੇ ਦੋਸ਼ ਲਗਾਉਂਦੇ ਹਨ। ਜਦ ਇੱਕ ਗਰੀਬ ਵਿਅਕਤੀ ਆਰਥਿਕ ਸਹਾਇਤਾ ਲਈ ਕਿਸੇ ਅਮੀਰ ਕੋਲ ਜਾਂਦਾ ਹੈ ਤਾਂ ਅਮੀਰ ਉਸਨੂੰ ਬੁਰਾ ਭਲਾ ਬੋਲ ਕੇ ਬਾਹਰ ਕੱਢ ਦਿੰਦਾ ਹੈ। ਜਦੋਂ ਇੱਕ ਅਨਪੜ੍ਹ ਮਨੁੱਖ ਆਪਣੀ ਰੋਜ਼ੀ ਰੋਟੀ ਦਾ ਇੰਤਜ਼ਾਮ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸਨੂੰ ਧੋਖਾ ਦੇ ਕੇ ਲੁੱਟ ਲਿਆ ਜਾਂਦਾ ਹੈ। ਬਿਮਾਰੀ ਦੇ ਬਿਸਤਰੇ ਤੇ ਪਏ ਵਿਅਕਤੀ ਨੂੰ ਤਸੱਲੀ ਦੇਣ ਦੀ ਥਾਂ ਦੁੱਖ ਦੇਣ ਵਾਲੇ ਸ਼ਬਦ ਬੋਲੇ ਜਾਂਦੇ ਹਨ ਜਿਸ ਨਾਲ ਉਸਦੀ ਹਾਲਤ ਹੋਰ ਖਰਾਬ ਹੋ ਜਾਂਦੀ ਹੈ।

ਅਜਿਹੇ ਲੋਕਾਂ ਦੀ ਤਸੱਲੀ ਲਈ ਹੀ ਪ੍ਰਮੇਸ਼ਵਰ ਨੇ “ਕਲੀਸਿਆ” ਨੂੰ ਇੱਕ ਸਾਧਨ ਦੇ ਰੂਪ ਵਿੱਚ ਰੱਖਿਆ ਹੈ। ਬਾਈਬਲ ਵਿੱਚ ਸੰਤ ਪੌਲੁਸ ਰਾਹੀਂ ਪ੍ਰਮੇਸ਼ਵਰ ਸਾਨੂੰ ਇੱਕ ਦੂਜੇ ਨੂੰ ਤਸੱਲੀ ਦੇਣ ਬਾਰੇ ਸਿਖਾਉਂਦਾ ਹੈ (1 ਥੱਸਲੁਨੀਕੀਆਂ 4:18)। ਪੌਲੁਸ ਕੇਵਲ ਹੁਕਮ ਹੀ ਨਹੀਂ ਦਿੰਦਾ ਪਰੰਤੂ ਇਹ ਵੀ ਦੱਸਦਾ ਹੈ ਕਿ ਉਸ ਹੁਕਮ ਨੂੰ ਪੂਰਾ ਕਿਵੇਂ ਕਰਨਾ ਹੈ। ਉਹ ਲਿਖਦਾ ਹੈ, “ਇਸ ਲਈ ਇਨ੍ਹਾਂ ਗੱਲਾਂ ਨਾਲ ਇੱਕ ਦੂਜੇ ਨੂੰ ਤਸੱਲੀ ਦਿਆ ਕਰੋ”। ਪ੍ਰਮੇਸ਼ਵਰ ਸਾਡੇ ਨਾਲ ਗੱਲ ਕਰੇ ਕਿ ਕਿਵੇਂ ਕਿਸੇ ਨੂੰ ਤਸੱਲੀ ਦੇਣੀ ਹੈ ਅਰ ਕਿਵੇਂ ਇਸ ਵਚਨ ਰਾਹੀਂ ਤਸੱਲੀ ਪਾਉਣੀ ਹੈ।

ਇਸ ਭਾਗ ਵਿੱਚ ਪ੍ਰਮੇਸ਼ਵਰ ਤਿੰਨ ਜ਼ਰੂਰੀ ਗੱਲਾਂ ਪ੍ਰਗਟ ਕਰਦਾ ਹੈ (1 ਥੱਸਲੁਨੀਕੀਆਂ 4:16-18)। ਹੋਰ ਕਿਸੇ ਵੀ ਸ਼ਬਦ ਨਾਲੋਂ ਇਨ੍ਹਾਂ ਵਚਨਾਂ ਵਿੱਚ ਤਾਕਤ ਹੈ।

## ਪ੍ਰਭੂ (ਯਿਸੂ) ਖੁਦ ਅਸਮਾਨੋਂ ਉਤਰੇਗਾ

ਪਹਿਲੀ ਸਦੀ ਵਿੱਚ ਹੇਰੋਦੀਸ ਵਰਗੇ ਰਾਜਿਆਂ ਦੁਆਰਾ ਮਸੀਹੀਆਂ ਨੂੰ ਸਤਾਇਆ ਜਾਂਦਾ ਸੀ। ਕਈ ਲੋਕ ਸ਼ਹੀਦ ਹੋਏ। ਉਨ੍ਹਾਂ ਦਿਨਾਂ ਦੇ ਵਿਸ਼ਵਾਸੀ ਧਨਵਾਨ ਹੋਣ ਵਿੱਚ ਵਿਸ਼ਵਾਸ ਨਹੀਂ ਰੱਖਦੇ ਸਨ। ਪਤਰਸ, ਯੂਹੰਨਾ ਅਤੇ ਪੌਲੁਸ ਵਰਗੇ ਸੰਤਾਂ ਨੇ ਖੁਸ਼ਹਾਲੀ ਬਾਰੇ ਪ੍ਰਚਾਰ ਨਹੀਂ ਕੀਤਾ। ਪਰੰਤੂ ਉਨ੍ਹਾਂ ਕੋਲ ਖੁਦ ਲਈ ਇੱਕ ਪਾਸਵਰਡ ਸੀ ਜਿਸਨੂੰ ਉਹ “ਮਾਰਾਨਾਥਾ” ਆਖਦੇ ਸਨ, ਜਿਸਦਾ ਅਰਥ ਹੈ “ਯਿਸੂ ਆ ਰਿਹਾ ਹੈ”। ਇਹ ਸ਼ਬਦ ਅਤੇ ਉਨ੍ਹਾਂ ਦਾ ਮਜ਼ਬੂਤ ਵਿਸ਼ਵਾਸ ਪ੍ਰਭੂ ਯਿਸੂ ਨੂੰ ਮਿਲਣ ਲਈ ਪਾਪ-ਰਹਿਤ ਅਰ ਪਵਿੱਤਰ ਜੀਵਨ ਜੀਣ ਲਈ ਉਨ੍ਹਾਂ ਨੂੰ ਤਿਆਰ ਕਰਦੇ ਸਨ। ਸਵਰਗ ਵਿੱਚ ਮਿਲਣ ਵਾਲੀ ਮੀਰਾਸ ਉਨ੍ਹਾਂ ਨੂੰ ਇਸ ਸੰਸਾਰ ਦੀਆਂ ਬਰਕਤਾਂ ਤੋਂ ਵਧੇਰੇ ਆਕਰਸ਼ਤ ਕਰਦੀ ਸੀ। ਉਹ ਕਲੀਸਿਆਵਾਂ ਵਿੱਚ ਸਦਾ ਪ੍ਰਮੇਸ਼ਵਰ ਦੀ ਵਡਿਆਈ ਕਰਦੇ ਸਨ। ਮੁਸ਼ਕਿਲ ਸਮਿਆਂ ਵਿੱਚ ਵੀ ਉਹ ਆਖਦੇ ਸਨ, “ਮੇਰੇ ਲਈ ਜੀਣਾ ਮਸੀਹ ਅਰ ਮਰਨਾ ਲਾਭ ਹੈ” (ਫਿਲਿੱਪੀਆਂ 1:21)। ਕਸ਼ਟਾਂ ਵਿੱਚ ਉਹ ਆਖਦੇ ਸਨ, “ਐਨਾ ਹੈ ਜੋ ਮੈਂ ਪਿਛਲੀਆਂ ਗੱਲਾਂ ਨੂੰ ਭੁਲਾ ਕੇ ਅਤੇ ਉਨ੍ਹਾਂ ਗੱਲਾਂ ਲਈ ਜਿਹੜੀਆਂ ਅੱਗੇ ਹਨ ਅਗਾਹਾਂ ਵਧਕੇ ਨਿਸ਼ਾਨੇ ਵੱਲ ਦੱਬੀ ਜਾਂਦਾ ਹਾਂ ਭਈ ਉਸ ਉੱਪਰਲੇ ਸੱਦੇ ਦਾ ਇਨਾਮ ਲਵਾਂ ਜੋ ਪ੍ਰਮੇਸ਼ਵਰ ਦੀ ਵੱਲੋਂ ਮਸੀਹ ਯਿਸੂ ਵਿੱਚ ਹੈ” (ਫਿਲਿੱਪੀਆਂ 3:13,14)।

ਬਿਮਾਰੀ ਅੰਤ ਨਹੀਂ ਹੁੰਦੀ ਬਲਕਿ ਬਿਮਾਰੀ ਦਾ ਇਲਾਜ ਹੁੰਦਾ ਹੈ। ਜਿਵੇਂ ਮੀਂਹ ਤੋਂ ਬਾਦ ਬਾਰ ਬਾਰ ਬੱਦਲ ਵਿਖਾਈ ਦਿੰਦੇ ਹਨ ਉਸੇ ਤਰਾਂ ਜੀਵਨ ਵਿੱਚ ਇੱਕ ਤੋਂ ਬਾਦ ਇੱਕ ਬਿਮਾਰੀ ਆਉਂਦੀ ਹੈ। ਜਦੋਂ ਕਰਜ਼ਾ ਉੱਤਰ ਜਾਂਦਾ ਹੈ ਤਾਂ ਮਨੁੱਖ ਨੂੰ ਚੈਨ ਮਿਲਦਾ ਹੈ। ਪਰੰਤੂ ਇਹ ਚੈਨ ਸਥਾਈ ਨਹੀਂ ਹੁੰਦਾ। ਇਸ ਗੱਲ ਨੂੰ ਸਮਝਦੇ ਅਰ ਯਿਸੂ ਮਸੀਹ ਦੀ ਸਮਰੱਥ ਨੂੰ ਜਾਣਦੇ ਹੋਏ ਅਰੰਭਕ ਕਲੀਸਿਆ ਦੇ ਮਸਹ ਪਾਏ ਹੋਏ ਮਸੀਹੀ ਇੱਕ ਦੂਏ ਨੂੰ ਸੰਸਾਰਕ ਢੰਗ ਨਾਲ ਨਹੀਂ ਬਲਕਿ “ਮਾਰਾਨਾਥਾ” ਆਖ ਕੇ ਤਸੱਲੀ ਦਿੰਦੇ ਸਨ।

ਅਸੀਂ ਅੱਜ ਇੱਕ ਦੂਜੇ ਨੂੰ ਕਿੰਝ ਤਸੱਲੀ ਦਿੰਦੇ ਹਾਂ? ਅੱਜ ਸਾਨੂੰ ਕਿੰਝ ਤਸੱਲੀ ਮਿਲਦੀ ਹੈ? ਕੀ ਕੁਝ ਪੈਸੇ ਮਿਲਣ ਨਾਲ ਸਾਨੂੰ ਤਸੱਲੀ ਮਿਲਦੀ ਹੈ? ਕੀ ਕਿਸੇ ਬਿਮਾਰੀ ਤੋਂ ਮੁਕਤ ਹੋ ਕੇ ਤੁਹਾਨੂੰ ਤਸੱਲੀ ਮਿਲੀ ਹੈ? ਕੀ ਵੱਡੀ ਤਨਖਾਹ ਵਾਲੀ ਨੌਕਰੀ ਕਰਕੇ ਸਾਨੂੰ ਤਸੱਲੀ ਮਿਲਦੀ ਹੈ? ਇਹ ਸਭ ਗੱਲਾਂ ਜ਼ਰੂਰੀ ਹਨ। ਇਨ੍ਹਾਂ ਸਭ ਤਸੱਲੀਆਂ ਤੋਂ ਵਧ ਕੇ ਸਾਡੇ ਕੋਲ ਇੱਕ ਸਥਾਈ ਤਸੱਲੀ ਹੈ। ਯਿਸੂ ਮਸੀਹ ਦਾ ਦੁਬਾਰਾ ਆਉਣਾ ਸਾਡੇ ਲਈ ਸਥਾਈ ਤਸੱਲੀ ਹੈ। ਅਸੀਂ ਸਭ ਉਸ ਸਦਾ ਦੀ ਤਸੱਲੀ ਲਈ ਆਪਣੇ ਆਪ ਨੂੰ ਤਿਆਰ ਕਰੀਏ। ਪ੍ਰਮੇਸ਼ਵਰ ਸਾਡੀ ਮਦਦ ਕਰੇ ਕਿ ਅਸੀਂ ਹੋਰਾਂ ਨੂੰ ਵੀ ਇਨ੍ਹਾਂ ਸ਼ਬਦਾਂ ਰਾਹੀਂ ਤਸੱਲੀ ਦੇ ਸਕੀਏ।

## ਮਸੀਹ ਵਿੱਚ ਮੋਏ ਪਹਿਲਾਂ ਜੀ ਉੱਠਣਗੇ (1 ਥੱਸਲੁਨੀਕੀਆਂ 4:16)

ਮੌਤ ਹਰੇਕ ਮਨੁੱਖ ਦੇ ਜੀਵਨ ਦਾ ਇੱਕ ਦਰਦਨਾਕ ਅਨੁਭਵ ਹੁੰਦਾ ਹੈ। ਸਾਡੇ ਸਭਨਾਂ ਕੋਲ ਅਜਿਹਾ ਅਨੁਭਵ ਜ਼ਰੂਰ ਹੋਵੇਗਾ ਜਦੋਂ ਸਾਨੂੰ ਸਮਝ ਨਹੀਂ ਸੀ ਆ ਰਹੀ ਕਿ ਉਸ ਵਿਅਕਤੀ ਨੂੰ ਕਿਵੇਂ ਤਸੱਲੀ ਦਿੱਤੀ ਜਾਵੇ ਜਿਸਨੇ ਆਪਣੇ ਕਿਸੇ ਅਜ਼ੀਜ਼ ਨੂੰ ਖੋਇਆ ਹੋਵੇ। ਮਸੀਹੀ ਹੋਣ ਦੇ ਨਾਤੇ ਅਸੀਂ ਅਜਿਹੇ ਵੇਲੇ ਆਖਦੇ ਹਾਂ, “ਪ੍ਰਮੇਸ਼ਵਰ ਉਸ ਚਲੇ ਗਏ ਵਿਅਕਤੀ ਦੀ ਖਾਲੀ ਥਾਂ ਨੂੰ ਭਰੇ”। ਹੋਰ ਲੋਕ ਮਾਨਸਿਕ ਜਾਂ ਭਾਵਨਾਤਮਕ ਢੰਗ ਨਾਲ ਤਸੱਲੀ ਦੇਣ ਦੀ ਕੋਸ਼ਿਸ਼ ਕਰਦੇ ਹਨ। ਅਸੀਂ ਕੇਵਲ ਕੁਝ ਹੱਦ ਤੱਕ ਹੀ ਤਸੱਲੀ ਦੇ ਸਕਦੇ ਹਾਂ ਪਰੰਤੂ ਸਥਾਈ ਤਸੱਲੀ ਕੇਵਲ ਸੰਤ ਪੌਲੁਸ ਦੇ ਸ਼ਬਦਾਂ ਵਿੱਚ ਹੀ ਮਿਲਦੀ ਹੈ। ਕਹਾਉਤਾਂ ਵਿੱਚ ਅਸੀਂ ਪੜ੍ਹਦੇ ਹਾਂ, “ਧਰਮੀ ਆਪਣੀ ਮੌਤ ਵਿੱਚ ਵੀ ਪਨਾਹ ਪਾਉਂਦਾ ਹੈ” (ਕਹਾਉਤਾਂ 14:32)। ਧਰਮੀ ਨੂੰ ਇਹ ਪੱਕਾ ਵਿਸ਼ਵਾਸ ਹੈ ਕਿ ਉਸਦੀ ਮੌਤ ਤੋਂ ਬਾਦ ਉਸਨੂੰ

ਅਨੰਤ ਜੀਵਨ ਮਿਲੇਗਾ ਅਤੇ ਯਿਸੂ ਦੀ ਦੂਜੀ ਆਮਦ ਵਿੱਚ ਉਹ ਮੁਰਦਿਆਂ ਵਿੱਚੋਂ ਸਭ ਤੋਂ ਪਹਿਲਾਂ ਜੀ ਉੱਠੇਗਾ। ਜੀ ਉੱਠੇ ਯਿਸੂ ਨੂੰ ਸਭ ਤੋਂ ਪਹਿਲਾਂ ਵੇਖਣ ਵਾਲੀ ਮਰਿਯਮ ਵੱਡੇ ਅਨੰਦ ਨਾਲ ਭਰ ਗਈ। ਉਸੇ ਤਰਾਂ ਇਹ ਵੀ ਕਿੰਨੀ ਵੱਡੀ ਖੁਸ਼ੀ ਦੀ ਗੱਲ ਹੇ ਕਿ ਰਾਜਿਆਂ ਦੇ ਰਾਜੇ ਨੂੰ ਸਭ ਤੋਂ ਪਹਿਲਾਂ ਮੁਰਦਿਆਂ ਵਿੱਚੋਂ ਜੀ ਉੱਠਣ ਵਾਲੇ ਸੰਤਾਂ ਦੁਆਰਾ ਵੇਖਿਆ ਜਾਵੇਗਾ। ਇਸੇ ਅਨੰਦ ਨੂੰ ਜਾਣਦੇ ਹੋਏ ਸੰਤ ਪੌਲੁਸ ਲਿਖਦਾ ਹੈ, "ਹੇ ਮੌਤ ਤੇਰੀ ਫਤਹ ਕਿੱਥੇ ਹੈ, ਹੇ ਮੌਤ ਤੇਰਾ ਡੰਗ ਕਿਥੇ ਹੈ?" (1 ਕੁਰਿੰਥੀਆਂ 15:55)।ਇਹਨਾਂ ਸ਼ਬਦਾਂ ਨਾਲ ਅਸੀਂ ਬਿਮਾਰਾਂ ਨੂੰ ਅਰ ਸੋਗ ਕਰਨ ਵਾਲਿਆਂ ਨੂੰ ਦਿਲਾਸਾ ਦੇਈਏ।

ਨਾਲ ਹੀ ਪ੍ਰਮੇਸ਼ਵਰ ਅਜਿਹੇ ਚਰਚ ਵਿੱਚ ਜਾਣ ਲਈ ਸਾਨੂੰ ਕਹਿੰਦਾ ਹੈ ਜਿੱਥੇ ਲੋਕ ਇਸੇ ਢੰਗ ਨਾਲ ਤਸੱਲੀ ਦਿੰਦੇ ਹਨ। ਤਾਂ ਕਿ ਅਸੀਂ ਪ੍ਰਭੂ ਯਿਸੂ ਦੀ ਦੂਸਰੀ ਆਮਦ ਵਿੱਚ ਪਹਿਲਾਂ ਉਠਾਏ ਜਾਈਏ।

## ਅਸੀਂ ਸਦਾ ਪ੍ਰਭੂ ਦੇ ਨਾਲ ਰਹਾਂਗੇ

"ਸਦਾ ਮਸੀਹ ਦੇ ਨਾਲ ਰਹਿਣ ਦੀ ਆਸ" ਸਭ ਤੋਂ ਵੱਡੀ ਆਸ ਹੈ ਅਤੇ ਇਹ ਆਸ ਪ੍ਰਭੂ ਯਿਸੂ ਉਸ ਉੱਤੇ ਨਿਹਚਾ ਕਰਨ ਵਾਲਿਆਂ ਨੂੰ ਦਿੰਦਾ ਹੈ। ਸੰਤ ਪੌਲੁਸ ਲਿਖਦਾ ਹੈ ਕਿ ਉਹ ਚਾਹੁੰਦਾ ਹੈ ਕਿ "ਆਪਣੇ ਪ੍ਰਭੂ ਕੋਲ ਜਾ ਪਹੁੰਚੇ" (ਫ਼ਿਲਿੱਪੀਆਂ 1:23)।

ਜਿਹੜੇ ਇਕੱਲੇਪਨ ਦਾ ਜੀਵਨ ਬਤੀਤ ਕਰਦੇ ਹਨ, ਕਦੇ ਤਸੱਲੀ ਨਹੀਂ ਪਾਉਂਦੇ। ਮਨੁੱਖ ਇਕੱਲੇਪਨ ਅਤੇ ਖਾਲੀਪਨ ਦੀ ਸਥਿਤੀ ਦਾ ਸਾਹਮਣਾ ਕਰਨ ਵਿੱਚ ਸਫ਼ਲ ਨਹੀਂ ਹੁੰਦਾ। ਅਜਿਹੇ ਹਲਾਤਾਂ ਵਿੱਚ ਅਨੰਦ ਦੀ ਗੱਲ ਇਹ ਹੈ ਕਿ ਮਸੀਹ ਸਾਨੂੰ ਲੈਣ ਲਈ ਦੁਬਾਰਾ ਆ ਰਿਹਾ ਹੈ ਅਤੇ ਅਸੀਂ ਸਦਾ ਉਸਦੇ ਨਾਲ ਰਹਾਂਗੇ, ਇਹ ਗੱਲ ਸਾਨੂੰ ਸੱਚਾ ਚੈਨ ਦਿੰਦੀ ਹੈ। ਸਾਡੇ ਲਈ ਇਹ ਜਾਣਨਾ ਵੀ ਜ਼ਰੂਰੀ ਹੈ ਕਿ ਪ੍ਰਭੂ ਨਾਲ ਹਮੇਸ਼ਾ ਰਹਿਣ ਦਾ ਅਨੰਦ ਕੌਣ ਮਾਣੇਗਾ। ਭਾਵੇਂ ਉਸ ਜੀਵਨ ਨੂੰ ਮਾਣਨ ਲਈ ਅਸੀਂ ਨਿਸ਼ਚਿਤ ਹਾਂ ਪਰੰਤੂ ਇਸ ਸੰਸਾਰ ਵਿੱਚ ਵੀ ਸਾਨੂੰ ਮਸੀਹ ਨੂੰ ਭਾਉਂਦਾ ਜੀਵਨ ਜੀਣਾ ਪਵੇਗਾ। ਅਜਿਹਾ ਜੀਵਨ ਸਾਨੂੰ ਤਸੱਲੀ ਵੀ ਦੇਵੇਗਾ ਅਰ ਹਮੇਸ਼ਾ ਪ੍ਰਭੂ ਨਾਲ ਰਹਿਣ ਲਈ ਤਿਆਰ ਵੀ ਕਰੇਗਾ। "ਹਨੋਕ ਪ੍ਰਮੇਸ਼ਵਰ ਦੇ ਨਾਲ ਚੱਲਦਾ ਸੀ" (ਉਤਪਤ 5:24)। "ਪ੍ਰਮੇਸ਼ਵਰ ਦੇ ਨੇੜੇ ਰਹਿਣਾ ਮੇਰੇ ਲਈ ਭਲਾ ਹੈ" (ਜ਼ਬੂਰ 73:28)। ਭਜਨਕਾਰ ਲਿਖਦਾ ਹੈ ਕਿ ਇਸ ਗੱਲ ਜਾਣ ਕੇ ਉਸਨੂੰ ਸੰਤੁਸ਼ਟੀ ਮਿਲਦੀ ਹੈ ਕਿ ਉਹ ਸਦਾ ਪ੍ਰਭੂ ਦੇ ਨਾਲ ਰਹੇਗਾ। ਜਦੋਂ ਯਿਸੂ ਮਰਿਯਮ ਦੇ ਗਰਭ ਵਿੱਚ ਹੀ ਸੀ ਤਾਂ "ਉਸਦੀ ਆਤਮਾ ਪ੍ਰਭੂ ਉਸਦੇ ਮੁਕਤੀਦਾਤਾ ਵਿੱਚ ਅਨੰਦਤ ਸੀ" (ਲੂਕਾ 1:47)। ਇੱਕ ਮਸੀਹੀ ਦੀ ਉੱਨਤੀ ਲਈ ਇਹ ਜ਼ਰੂਰੀ ਹੈ ਕਿ ਉਹ ਸੰਗਤੀ ਰੱਖੇ। ਸਭ ਤੋਂ ਵੱਡਾ ਅਨੰਦ ਇਸ ਗੱਲ ਨੂੰ ਜਾਣਨਾ ਹੈ ਕਿ ਪ੍ਰਭੂ ਪ੍ਰਮੇਸ਼ਵਰ ਸਾਡੇ ਨਾਲ ਹੈ।

ਯਿਸੂ ਨੇ ਆਖਿਆ, "ਵੇਖੋ, ਮੈਂ ਬੂਹੇ ਤੇ ਖੜਾ ਖੜਕਾਉਂਦਾ ਹਾਂ, ਜੇਕਰ ਕੋਈ ਮੇਰੀ ਅਵਾਜ਼ ਸੁਣੇ ਅਰ ਬੂਹਾ ਖੋਲੇ ਤਾਂ ਮੈਂ ਉਸਦੇ ਅੰਦਰ ਆਵਾਂਗਾ ਅਰ ਉਸ ਨਾਲ ਭੋਜਨ ਛਕਾਂਗਾ ਅਰ ਉਹ ਮੇਰੇ ਨਾਲ" (ਪ੍ਰਕਾਸ਼ ਦੀ ਪੋਥੀ 3:20)। ਜਿਹੜੇ ਇਸ ਅਣਮੁੱਲੇ ਸੱਦੇ ਨੂੰ ਗ੍ਰਹਿਣ ਕਰਦੇ ਹਨ, ਤਸੱਲੀ ਪਾਉਣਗੇ। ਉਸ ਸ਼ੂਨਾਮਣ ਵਾਂਗ, ਜਿਹੜੀ ਆਖਦੀ ਹੈ, "ਉਹ ਮੈਨੂੰ ਦਾਉਤ-ਖਾਨੇ ਨੂੰ ਲੈ ਆਇਆ, ਉਹ ਦੇ ਪਿਆਰ ਦਾ ਝੰਡਾ ਮੇਰੇ ਉੱਪਰ ਸੀ" (ਸਰੇਸ਼ਟ ਗੀਤ 2:4)। ਅਸੀਂ ਉਸਦੇ ਪ੍ਰੇਮ ਦੇ ਝੰਡੇ ਹੇਠ ਜੀਵਨ ਬਿਤਾਈਏ। ਤਦ ਸਾਨੂੰ ਅਸਲ ਤਸੱਲੀ ਮਿਲੇਗੀ। ਪ੍ਰਮੇਸ਼ਵਰ ਦੀ ਕਿਰਪਾ ਤੁਹਾਡੇ ਨਾਲ ਹੋਵੇ।

---


## ਬੁਲਾਵੇ ਦੀ ਗੂੰਜ ਦੇ ਇਸ਼ਤਿਹਾਰ ਰੇਟ

| ਅਕਾਰ | ਸਾਰੀਆਂ ੧੯ ਭਾਸ਼ਾਂਵਾਂ ਵਿੱਚ | ਸਿਰਫ ਇੱਕ ਭਾਸ਼ਾ |
|---|---|---|
| ਪੂਰਾ ਪੰਨਾ | ਰੁ. ੭੦,੦੦੦/- | ਰੁ. ੫,੦੦੦/- |
| ਅੱਧਾ ਪੰਨਾ | ਰੁ ੫੦,੦੦੦/- | ਰੁ. ੩,੫੦੦/- |
| ਪੌਣਾ ਪੰਨਾ | ਰੁ ੩੦,੦੦੦/- | ਰੁ. ੨,੦੦੦/- |


## ਸਮਾਚਾਰ

### ਬਾਲ ਵਿਆਹ ਵਿਰੁੱਧ ਜੰਗ

ਭਾਰਤ ਵਿੱਚ ਪਿਛਲੇ ਤਿੰਨ ਦਹਾਕਿਆਂ ਵਿੱਚ ਭਾਵੇਂ ਬਾਲ ਵਿਆਹ ਦੇ ਮਾਮਲੇ 50% ਤੋਂ 27% (2016 UNICEF) ਤੱਕ ਘੱਟ ਹੋਏ ਹਨ ਪਰੰਤੂ ਫਿਰ ਵੀ ਇਸਦਾ ਅਨੁਪਾਤ ਇੱਕ ਮਹਾਂਮਾਰੀ ਦਾ ਰੂਪ ਧਾਰਨ ਕਰ ਚੁੱਕਾ ਹੈ। ਭਾਰਤ ਵਿੱਚ ਹਰ ਰੋਜ਼ 15,600 ਲੜਕੀਆਂ (ਜਾਂ ਲਗਭਗ 60 ਲੱਖ ਲੜਕੀਆਂ ਪ੍ਰਤੀ ਸਾਲ, ਜਦਕਿ ਸਮੁੱਚੇ ਸੰਸਾਰ ਵਿੱਚ ਕੁੱਲ ਇੱਕ ਕਰੋੜ ਪੰਜਾਹ ਲੱਖ ਲੜਕੀਆਂ ਪ੍ਰਤੀ ਸਾਲ ਵਿਆਹੀਆਂ ਜਾਂਦੀਆਂ ਹਨ) ਦਾ ਬਾਲ ਵਿਆਹ ਕਰ ਦਿੱਤਾ ਜਾਂਦਾ ਹੈ। ਲੜਕੀਆਂ ਨੂੰ ਸਕੂਲ ਦੀ ਪੜ੍ਹਾਈ ਛੱਡਣ ਲਈ ਮਜਬੂਰ ਕੀਤਾ ਜਾਂਦਾ ਹੈ। ਜਦੋਂ ਉਹ ਗਰਭਵਤੀ ਹੋ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਮੌਤ ਦਾ ਖਤਰਾ ਹੁੰਦਾ ਹੈ ਕਿਉਂਕਿ ਉਨ੍ਹਾਂ ਦਾ ਸਰੀਰ ਬੱਚੇ ਨੂੰ ਜਨਮ ਦੇਣ ਦੇ ਯੋਗ ਨਹੀਂ ਹੁੰਦਾ।

ਡਾ. ਅਸ਼ੋਕ ਦਯਾਲਚੰਦ ਨਾਮਕ ਇੱਕ ਮਨੁੱਖ ਪਿਛਲੇ 40 ਵਰ੍ਹਿਆਂ ਤੋਂ ਬਾਲ ਵਿਆਹ ਦੇ ਵਿਰੋਧ ਵਿੱਚ ਅਰ ਲੜਕੀਆਂ ਨੂੰ ਬਰਾਬਰ ਅਧਿਕਾਰ ਦੇਣ ਲਈ ਸੰਘਰਸ਼ ਕਰ ਰਿਹਾ ਹੈ। ਕ੍ਰਿਸ਼ਚਨ ਮੈਡੀਕਲ ਕਾਲਜ, ਵੈੱਲੋਰ ਤੋਂ ਡਾਕਟਰ ਦੀ ਉਪਾਧੀ ਹਾਸਲ ਕਰਨ ਵਾਲੇ ਡਾ. ਅਸ਼ੋਕ ਨੂੰ ਲੱਖਾਂ ਬੱਚਿਆਂ ਵੱਲੋਂ 2019 ਦੇ ਬੱਚਿਆਂ ਦੇ ਅਧਿਕਾਰਾਂ ਦੇ ਨਾਇਕ ਵੱਜੋਂ ਅਤੇ ਸੰਸਾਰ ਭਰ ਵਿੱਚੋਂ ਬੱਚਿਆਂ ਨਾਲ ਸੰਬੰਧਤ ਇਨਾਮ "ਚਿਲਡ੍ਰਨ ਨੋਬਲ ਪੁਰਸਕਾਰ" ਲਈ ਚੁਣਿਆ ਗਿਆ ਹੈ। ਡਾ. ਅਸ਼ੋਕ ਅਤੇ ਉਨ੍ਹਾਂ ਦੀ ਸੰਸਥਾ IHMP ਨੇ ਲੜਕੀਆਂ ਦਾ ਇੱਕ ਕਲੱਬ ਸਥਾਪਿਤ ਕੀਤਾ ਹੈ ਜਿਸ ਰਾਹੀਂ ਉਨ੍ਹਾਂ 1975 ਤੋਂ ਹੁਣ ਤੀਕ 500 ਪਿੰਡਾਂ ਵਿੱਚ ਲਗਭਗ 50,000 ਲੜਕੀਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਅਰ ਜੀਵਨ ਕੌਸ਼ਲ ਦੀ ਸਿੱਖਿਆ ਰਾਹੀਂ ਸਿੱਖਿਅਤ ਕੀਤਾ ਹੈ। ਗਿਆਨ, ਆਤਮ-ਵਿਸ਼ਵਾਸ ਅਤੇ ਇੱਕ ਦੂਜੇ ਦੀ ਮਦਦ ਨਾਲ ਲੜਕੀਆਂ ਆਪਣੇ ਮਾਪਿਆਂ ਨੂੰ ਇਹ ਸਮਝਾਉਣ ਯੋਗ ਬਣਦੀਆਂ ਹਨ ਕਿ ਉਹ ਉਨ੍ਹਾਂ ਨੂੰ ਬਾਲ ਵਿਆਹ ਵਿੱਚ ਨਾ ਧਕੇਲਣ ਸਗੋਂ ਆਪਣੇ ਸਕੂਲ ਦੀ ਪੜ੍ਹਾਈ ਪੂਰੀ ਕਰਨ ਦੇਣ।

(Source:http://worldschildrensprize.org/ashokstory)

*Forerunner (August 2019)*



# ਟੋਏ ਤੋਂ ਮਹੱਲ ਤੱਕ

## (ਪਾਦਰੀ ਐਸ. ਸੈਮ ਸੇਲਵਾ ਰਾਜ ਦੀ ਜਿੰਦਗੀ ਦੇ ਅਨੁਭਵ)

## "ਜਿਹੜਾ ਪੜ੍ਹੇ, ਉਹ ਸਮਝੇ" (ਮੱਤੀ ੨੪:੧੫)

**"ਕਿਉਂ ਜੋ ਪ੍ਰਮੇਸ਼ਵਰ ਕੁਨਿਆਈ ਨਹੀਂ ਜੋ ਤੁਹਾਡੇ ਕੰਮ ਨੂੰ ਅਤੇ ਉਸ ਪ੍ਰੇਮ ਨੂੰ ਭੁੱਲ ਜਾਵੇ ਜਿਹੜਾ ਤੁਸਾਂ ਉਹ ਦੇ ਨਾਮ ਨਾਲ ਵਿਖਾਇਆ ਭਈ ਤੁਸਾਂ ਸੰਤਾਂ ਦੀ ਸੇਵਾ ਕੀਤੀ, ਨਾਲੇ ਕਰਦੇ ਵੀ ਹੋ"(ਇਬਰਾਨੀਆਂ ਨੂੰ 6:10)**

1982 ਵਿੱਚ ਮੈਨੂੰ ਸੇਵਕਾਈ ਵਿੱਚ ਬਹੁਤ ਸਾਰੀਆਂ ਯਾਤਰਾਵਾਂ ਕਰਨੀਆਂ ਪਈਆਂ ਅਤੇ ਨਾਲ ਹੀ ਮੈਨੂੰ ਆਪਣੀ ਸਥਾਨਕ ਸੇਵਕਾਈ ਵੱਲ ਵੀ ਧਿਆਨ ਦੇਣਾ ਪਿਆ। ਉਨ੍ਹਾਂ ਦਿਨਾਂ ਵਿੱਚ ਮੇਰੇ ਸੱਜੇ ਹੱਥ ਵਿੱਚ ਸਖ਼ਤ ਦਰਦ ਸ਼ੁਰੂ ਹੋ ਗਿਆ। ਨਤੀਜੇ ਵੱਜੋਂ ਮੈਂ ਪੱਤ੍ਰਿਕਾ ਲਈ ਆਰਟੀਕਲ ਨਹੀਂ ਲਿਖ ਪਾ ਰਿਹਾ ਸੀ ਅਤੇ ਹੋਰ ਜ਼ਿੰਮੇਵਾਰੀਆਂ ਵੀ ਨਿਭਾ ਨਹੀਂ ਸੀ ਪਾ ਰਿਹਾ। ਨਾ ਹੀ ਮੈਂ ਪੈੱਨ ਫੜ੍ਹ ਸਕਦਾ ਸੀ ਅਤੇ ਨਾ ਹੀ ਗੱਡੀ ਚਲਾ ਸਕਦਾ ਸੀ। ਜੇਕਰ ਮੈਂ ਮੇਜ਼ ਉੱਤੇ ਆਪਣਾ ਸੱਜਾ ਹੱਥ ਰੱਖਣਾ ਹੁੰਦਾ ਸੀ ਤਾਂ ਉਹ ਵੀ ਮੈਂ ਖੱਬੇ ਹੱਥ ਦੀ ਮਦਦ ਤੋਂ ਬਿਨਾਂ ਨਹੀਂ ਸੀ ਕਰ ਸਕਦਾ। ਮੈਨੂੰ ਆਪਣੇ ਸਭ ਕੰਮਾਂ ਲਈ ਦੂਸਰਿਆਂ ਉੱਪਰ ਨਿਰਭਰ ਰਹਿਣਾ ਪੈਂਦਾ ਸੀ। ਅਤੇ ਮੇਰੀ ਦਰਦ ਵੀ ਬਹੁਤ ਭਿਆਨਕ ਸੀ।

ਪ੍ਰਾਰਥਨਾ ਦੇ ਨਾਲ ਨਾਲ ਮੈਂ ਕਸਰਤ ਵੀ ਕਰ ਰਿਹਾ ਸੀ। ਇੱਕ ਸਾਲ ਤੱਕ ਅਜਿਹਾ ਹੀ ਚੱਲਦਾ ਰਿਹਾ। ਦਰਦ ਵਧਦੀ ਹੀ ਜਾ ਰਹੀ ਸੀ ਅਰ ਮੈਨੂੰ ਇਹ ਲੱਗਣ ਲੱਗਾ ਸੀ ਕਿ ਇਸ ਦਰਦ ਤੋਂ ਮੈਨੂੰ ਕਦੇ ਵੀ ਅਰਾਮ ਨਹੀਂ ਮਿਲੇਗਾ।

### ਪ੍ਰਮੇਸ਼ਵਰ ਨੇ ਰਾਹ ਕੱਢਿਆ

ਇੱਕ ਦਿਨ ਪ੍ਰਮੇਸ਼ਵਰ ਦਾ ਇੱਕ ਬਜ਼ੁਰਗ ਦਾਸ ਆਪਣੀ ਪਤਨੀ ਨਾਲ ਮੇਰਾ ਪਤਾ ਲੈਣ ਲਈ ਆਇਆ। ਉਨ੍ਹਾਂ ਮੇਰੇ ਅੱਗੇ ਬੇਨਤੀ ਕੀਤੀ ਕਿ ਮੈਂ ਉਨ੍ਹਾਂ ਦੀ ਸੇਵਕਾਈ ਵਿੱਚ ਮਦਦ ਕਰਾਂ। ਮੈਂ ਆਪਣੀਆਂ ਕਲੀਸਿਆਵਾਂ ਅਰ ਸੇਵਕਾਈ ਵਿੱਚ ਵਿਸ਼ੇਸ਼ ਮੀਟਿੰਗਾਂ ਵਿੱਚ ਉਨ੍ਹਾਂ ਨੂੰ ਇਸਤੇਮਾਲ ਕਰਨਾ ਸ਼ੁਰੂ ਕੀਤਾ। ਮੈਨੂੰ ਉਨ੍ਹਾਂ ਦੇ ਸੰਦੇਸ਼ ਨੂੰ ਅੰਗ੍ਰੇਜ਼ੀ ਤੋਂ ਤਾਮਿਲ ਵਿੱਚ ਅਨੁਵਾਦ ਕਰਨਾ ਪੈਂਦਾ ਸੀ ਅਤੇ ਉਨ੍ਹਾਂ ਨੂੰ ਕਈ ਜਗ੍ਹਾ ਲੈ ਕੇ ਵੀ ਜਾਣਾ ਪੈਂਦਾ ਸੀ।ਪ੍ਰਮੇਸ਼ਵਰ ਨੇ ਉਨ੍ਹਾਂ ਨੂੰ ਸਮਰੱਥੀ ਰੂਪ ਨਾਲ ਇਸਤੇਮਾਲ ਕੀਤਾ। ਬਹੁਤ ਸਾਰੇ ਲੋਕਾਂ ਨੇ ਯਿਸੂ ਮਸੀਹ ਨੂੰ ਆਪਣੇ ਵਿਅਕਤੀਗਤ ਮੁਕਤੀਦਾਤੇ ਵੱਜੋਂ ਸਵੀਕਾਰ ਕੀਤਾ। ਮੈਂ ਵੀ ਧਿਆਨ ਦੇ ਰਿਹਾ ਸੀ ਕਿ ਕਿੰਨੇ ਲੋਕ ਪੁਰਾਣੀ ਕਮਰ ਦਰਦ, ਗਲੇ ਦੀ ਦਰਦ ਆਦਿ ਤੋਂ ਰਿਹਾ ਹੋ ਰਹੇ ਸਨ। ਕਈ ਲੋਕ ਦੁਸ਼ਟ ਆਤਮਿਆਂ ਤੋਂ ਵੀ ਛੁਟਕਾਰਾ ਪਾ ਰਹੇ ਸਨ। ਪਰੰਤੂ ਮੈਂ ਆਪਣੇ ਹੱਥ ਦੀ ਦਰਦ ਬਾਰੇ ਉਨ੍ਹਾਂ ਨੂੰ ਕਦੇ ਨਹੀਂ ਸੀ ਦੱਸਿਆ।

ਕਿਉਂਕਿ ਉਹ ਪਤੀ ਪਤਨੀ, ਦੋਨੋਂ ਬਹੁਤ ਬਜ਼ੁਰਗ ਸਨ ਇਸ ਕਰਕੇ ਮੈਨੂੰ ਆਪਣੇ ਅਟੈਚੀ ਦੇ ਨਾਲ ਉਨ੍ਹਾਂ ਦੇ ਦੋ ਅਟੈਚੀ ਵੀ ਉਠਾਉਣੇ ਪੈਂਦੇ ਸਨ। ਪਰੰਤੂ ਮੈਂ ਉਸ ਦਰਦ ਦੇ ਬਾਵਜੂਦ ਵੀ ਬੜੀ ਖੁਸ਼ੀ ਨਾਲ ਉਸ ਕੰਮ ਨੂੰ ਕਰਦਾ ਸੀ। ਕਈ ਵਾਰ ਪ੍ਰਭੂ ਦੇ ਉਸ ਦਾਸ ਨੇ ਮੈਨੂੰ ਪੁੱਛਿਆ, "ਕੀ ਤੁਸੀਂ ਇਹ ਸਭ ਚੁੱਕ ਲਵੋਗੇ? ਕੀ ਤੁਸੀਂ ਠੀਕ ਹੋ?"ਇੱਕ ਵਾਰ ਅਸੀਂ ਕੇਰਲਾ ਵਿੱਚ ਮੁਨਾਰ ਨਾਮਕ ਜਗ੍ਹਾ ਤੇ ਸੀ, ਮੈਂ ਸਾਰਾ ਸਮਾਨ ਬੱਸ ਵਿੱਚ ਖਿੱਚਣ ਦੀ ਕੋਸ਼ਿਸ਼ ਕਰ ਰਿਹਾ ਸੀ। ਪਰੰਤੂ ਅਚਾਨਕ ਸਾਡਾ ਸਾਰਾ ਸਮਾਨ ਅਰ ਹੋਰ ਯਾਤਰੀਆਂ ਦਾ ਸਮਾਨ ਵੀ ਮੇਰੇ ਉੱਪਰ ਆ ਡਿੱਗਿਆ ਅਤੇ ਮੈਂ ਹੇਠਾਂ ਦੱਬ ਗਿਆ। ਮੈਂ ਕਦੇ ਨਹੀਂ ਭੁੱਲ ਸਕਦਾ, ਕਿਵੇਂ ਸਭ ਯਾਤਰੀ ਦੌੜ ਕੇ ਆਏ ਅਰ ਉਨ੍ਹਾਂ ਸਮਾਨ ਹੇਠੋਂ ਨਿਕਲਣ ਵਿੱਚ ਮੇਰੀ ਮਦਦ ਕੀਤੀ ਸੀ। ਮੇਰੇ ਹੱਥ ਦਾ ਦਰਦ ਦਿਨੋਂ ਦਿਨ ਵਧ ਰਿਹਾ ਸੀ। ਸਮਾਨ ਢੋਣ ਦੇ ਨਾਲ ਮੈਂ ਆਪਣੇ ਅਨੁਵਾਦ ਦੀ ਸੇਵਕਾਈ ਵੀ ਕਰ ਰਿਹਾ ਸੀ।

ਅਖੀਰ, ਉਹ ਜੋੜਾ ਭਾਰਤ ਵਿੱਚ ਆਪਣੀ ਸੇਵਕਾਈ ਪੂਰੀ ਕਰਕੇ, ਚੇਨੰਈ ਤੋਂ ਫਲਾਈਟ ਲੈ ਕੇ ਆਪਣੇ ਦੇਸ਼ ਚਲਾ ਗਿਆ। ਜਦੋਂ ਮੈਂ ਹਵਾਈ ਅੱਡੇ ਤੇ ਉਨ੍ਹਾਂ ਨੂੰ ਵਿਦਾ ਕਰਨ ਗਿਆ ਤਾਂ ਉਸ ਵੇਲੇ ਹੱਥ ਦਾ ਦਰਦ ਸਹਿਣ ਤੋਂ ਬਾਹਰ ਸੀ। ਪਰੰਤੂ ਉਨ੍ਹਾਂ ਨੂੰ ਵਿਦਾ ਕਰਨ ਤੋਂ ਬਾਦ ਜਦੋਂ ਮੈਂ ਵਾਪਸ ਪਰਤਿਆ ਤਾਂ ਮੈਂ ਵੇਖਿਆ ਕਿ ਉਹ ਭਿਆਨਕ ਦਰਦ ਜੋ ਇੱਕ ਸਾਲ ਤੋਂ ਵੀ ਵੱਧ ਸਮੇਂ ਤੋਂ ਮੈਨੂੰ ਦੁਖੀ ਕਰ ਰਿਹਾ ਸੀ ਪੂਰੀ ਤਰਾਂ ਠੀਕ ਹੋ ਚੁੱਕਾ ਸੀ। ਹੁਣ ਮੈਂ ਆਪਣੇ ਹੱਥ ਨੂੰ ਅਸਾਨੀ ਨਾਲ ਹਿਲਾ ਸਕਦਾ ਸੀ ਅਰ ਸਭ ਤਰਾਂ ਦੇ ਕੰਮ ਕਰ ਸਕਦਾ ਸੀ!

ਉਸ ਦਰਦ ਵਿੱਚੋਂ ਗੁਜ਼ਰੇ ਲਗਭਗ 36 ਸਾਲ ਬੀਤ ਚੁੱਕੇ ਹਨ! ਉਸ ਤਰਾਂ ਦੇ ਦਰਦ ਦਾ ਮੈਂ ਦੁਬਾਰਾ ਕਦੇ ਅਨੁਭਵ ਨਹੀਂ ਕੀਤਾ। ਮੈਨੂੰ ਚਮਤਕਾਰੀ ਚੰਗਾਈ ਮਿਲੀ। ਸੱਚਾਈ ਇਹ ਸੀ, ਕਿ ਮੈਂ ਆਪਣੀ ਸਰੀਰਕ ਦਰਦ ਦੀ ਪਰਵਾਹ ਕੀਤੇ ਬਗੈਰ ਉਨ੍ਹਾਂ ਦੀ ਸੇਵਾ ਕੀਤੀ ਸੀ ਅਰ ਚੰਗਾਈ ਦੀ ਜਿਹੜੀ ਸਮਰੱਥ ਉਸ ਜੋੜੇ ਅੰਦਰ ਸੀ ਮੇਰੇ ਉੱਪਰ ਆ ਗਈ ਅਰ ਮੈਨੂੰ ਚੰਗਾਈ ਮਿਲ ਗਈ। ਮੈਂ ਆਪਣੇ ਜੀਵਨ ਵਿੱਚ ਦੁਬਾਰਾ ਉਸ ਪ੍ਰਭੂ ਦੇ ਦਾਸ ਨੂੰ ਕਦੇ ਨਹੀਂ ਵੇਖਿਆ। ਮੈਂ ਉਨ੍ਹਾਂ ਨਾਲ ਸੰਪਰਕ ਵੀ ਨਹੀਂ ਕਰ ਪਾਇਆ। ਮੈਨੂੰ ਕੇਵਲ ਉਨ੍ਹਾਂ ਦੇ ਨਾਮ ਯਾਦ ਹਨ: ਮਿ. ਹੇਜੇਸ ਅਤੇ ਸੇਲੀ ਹੇਜੇਸ।

ਅੱਜ ਪ੍ਰਮੇਸ਼ਵਰ ਨੇ ਮੈਨੂੰ ਬਹੁਤ ਸਾਰੇ ਸਹਾਇਕ ਪਾਸਟਰਾਂ ਅਤੇ ਸਹਿ-ਕਰਮੀਆਂ ਦੀ ਬਰਕਤ ਦਿੱਤੀ ਹੈ ਅਤੇ ਮੇਰੀ ਇੱਕ ਬੱਚੇ ਵਾਂਗ ਦੇਖਭਾਲ ਕੀਤੀ ਜਾਂਦੀ ਹੈ। ਪ੍ਰਭੂ ਮੇਰੀ ਰਖਵਾਲੀ ਕਰ ਰਿਹਾ ਹੈ। ਪ੍ਰਮੇਸ਼ਵਰ ਦੇ ਬਹੁਤ ਸਾਰੇ ਲੋਕ ਹਨ ਜਿਹੜੇ ਮੇਰੀ ਮਦਦ ਕਰਨ ਲਈ ਤਿਆਰ ਰਹਿੰਦੇ ਹਨ।ਪ੍ਰਮੇਸ਼ਵਰ ਨੇ ਉਸਦਾ ਭੈ ਮੰਨਣ ਵਾਲੇ ਬਹੁਤ ਸਾਰੇ ਲੋਕ ਮੈਨੂੰ ਦਿੱਤੇ ਹਨ ਜਿਹੜੇ ਮੇਰੀ ਸਹਾਇਤਾ ਕਰਦੇ ਹਨ, ਜਦੋਂ ਵੀ ਮੈਂ ਸੰਸਾਰ ਭਰ ਵਿੱਚ ਸੇਵਕਾਈ ਲਈ ਜਾਂਦਾ ਹਾਂ!

ਪਿਆਰੇ ਪਾਠਕ, ਕੀ ਤੁਹਾਡੀ ਸੇਵਕਾਈ ਦਾ ਰਾਹ ਬਹੁਤ ਕਠਿਨ ਹੈ? ਕੀ ਤੁਸੀਂ ਇਹ ਸੋਚ ਕੇ ਦੁਖੀ ਹੋ ਕਿ ਪ੍ਰਮੇਸ਼ਵਰ ਤੁਹਾਨੂੰ ਕਿਉਂ ਭੁੱਖ, ਬਿਮਾਰੀ ਅਰ ਕਰਜ਼ੇ ਵਿੱਚ ਰੱਖ ਰਿਹਾ ਹੈ? ਕੀ ਤੁਸੀਂ ਇਹ ਸੋਚਦੇ ਹੋ ਕਿ ਜਦੋਂ ਪ੍ਰਮੇਸ਼ਵਰ ਦੇ ਬਾਕੀ ਸੇਵਕ ਅਰਾਮਦਾਇਕ ਜੀਵਨ ਜੀ ਰਹੇ ਹਨ ਤਾਂ ਤੁਸੀਂ ਕਿਉਂ ਇਨ੍ਹਾਂ ਤੰਗੀਆਂ ਵਿੱਚੋਂ ਗੁਜ਼ਰ ਰਹੇ ਹੋ? ਪਰੇਸ਼ਾਨ ਨਾ ਹੋਵੋ! ਜੋ ਵੀ ਛੋਟੇ ਤੋਂ ਛੋਟਾ ਕੰਮ ਤੁਸੀਂ ਪ੍ਰਮੇਸ਼ਵਰ ਲਈ ਕਰਦੇ ਹੋ ਅਰ ਵੱਡੀ ਤੋਂ ਵੱਡੀ ਪਰੇਸ਼ਾਨੀ ਵਿੱਚੋਂ ਲੰਘਦੇ ਹੋ, ਉਹ ਸਭ ਪ੍ਰਮੇਸ਼ਵਰ ਦੀ ਯਾਦਗਿਰੀ ਦੀ ਕਿਤਾਬ ਵਿੱਚ ਲਿਖਿਆ ਜਾਂਦਾ ਹੈ। ਸਹੀ ਸਮੇਂ ਤੇ ਪ੍ਰਮੇਸ਼ਵਰ ਉਨ੍ਹਾਂ ਸਭ ਗੱਲਾਂ ਨੂੰ ਤੁਹਾਡੀ ਬਰਕਤ ਵਿੱਚ ਬਦਲ ਦੇਵੇਗਾ। "ਯਹੋਵਾਹ ਉਹ ਦੇ ਲਈ ਭਲਾ ਹੈ ਜਿਹੜਾ ਉਸਨੂੰ ਉਡੀਕਦਾ ਹੈ, ਉਸ ਜਾਨ ਲਈ ਜਿਹੜੀ ਉਸਦੀ ਤਾਲਿਬ ਹੈ" (ਵਿਰਲਾਪ 3:25)।

RNI NO. TNPUN/2000/1914, Postal Regn. No. TN/CH/(C)/192/18-20 WPP NO. TN/PMG(CCR)/WPP-263/18-20

# ਬੁਲਾਵੇ ਦੀ ਗੂੰਜ

16 ਭਾਸ਼ਾਵਾਂ ਵਿੱਚ ਮਹੀਨੇਵਾਰ ਪੱਤ੍ਰਿਕਾ, ਬਾਈਬਲ ਕਾਲਜ, ਪੱਤਰ ਵਿਹਾਰ ਕੋਰਸ, ਚਰਚ ਸਥਾਪਨਾ, ਪੇਂਡੂ ਅੰਗਰੇਜ਼ੀ ਹਾਈ ਸਕੂਲ, ਗੌਸਪਲ ਪ੍ਰਿੰਟਿੰਗ ਪ੍ਰੈੱਸ, ਕਰੁਸੇਡ, ਸੈਮੀਨਾਰ, ਸਮਾਜਿਕ ਸੇਵਾਵਾਂ ਆਦਿ।

**ਸਲਾਨਾ ਚੰਦਾ 100/- ਰੁ:**

**ਜੀਵਨ ਭਰ ਲਈ ਚੰਦਾ: 2000/- ਰੁ:**

ਬੁਲਾਵੇ ਦੀ ਗੂੰਜ ਸੇਵਕਾਈ ਦੀਆਂ ਬਹੁਭਾਂਤੀ ਗਤੀਵਿਧੀਆਂ ਤੁਹਾਡੇ ਵਰਗੇ ਹੀ ਪ੍ਰਮੇਸ਼ਵਰ ਦੇ ਬੱਚਿਆਂ ਦੀਆਂ ਸਵੈ-ਇੱਛਤ ਭੇਟਾਂ ਅਤੇ ਦਾਨਾਂ ਦੁਆਰਾ ਚਲਾਈਆਂ ਜਾਂਦੀਆਂ ਹਨ। ਜਿਵੇਂ ਪ੍ਰਮੇਸ਼ਵਰ ਤੁਹਾਡੀ ਅਗਵਾਈ ਕਰਦਾ ਹੈ ਤੁਸੀਂ ਬੁਲਾਵੇ ਦੀ ਗੂੰਜ ਅਤੇ ਇਸਦੀਆਂ ਸੇਵਕਾਈਆਂ ਦੀ ਸਹਾਇਤਾ ਕਰ ਸਕਦੇ ਹੋ। ਸੁਸਮਾਚਾਰ ਨੂੰ ਅਪਹੁੰਚ ਇਲਾਕਿਆਂ ਤੱਕ ਪੁਚਾਉਣ ਅਤੇ ਕਲੀਸੀਆਵਾਂ ਦੀ ਸਥਾਪਨਾ ਕਰਨ ਲਈ ਸਾਨੂੰ ਤੁਹਾਡੀ ਸਹਾਇਤਾ ਦੀ ਲੋੜ ਹੈ।

ਜੇਕਰ ਤੁਸੀਂ ਲਗਾਤਾਰ ਬੁਲਾਵੇ ਦੀ ਗੂੰਜ ਪੱਤ੍ਰਿਕਾ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਾਨੂੰ ਲਿਖੋ। ਜਦੋਂ ਕਦੇ ਵੀ ਤੁਸੀਂ ਆਪਣਾ ਡਾਕ ਪਤਾ ਜਾਂ ਈਮੇਲ ਪਤਾ ਬਦਲੋ ਤਾਂ ਕਿਰਪਾ ਕਰਕੇ ਸਾਨੂੰ ਆਪਣੇ ਪੁਰਾਣੇ ਅਤੇ ਨਵੇਂ ਪਤੇ ਦੀ ਜਾਣਕਾਰੀ ਜ਼ਰੂਰ ਦਿਓ।

16 ਭਾਸ਼ਾਵਾਂ ਵਿੱਚ ਬੁਲਾਵੇ ਦੀ ਗੂੰਜ ਸਾਡੀ ਵੈੱਬਸਾਈਟ ਤੇ ਵੀ ਉਪਲੱਬਧ ਹੈ। ਤੁਸੀਂ ਇਸਨੂੰ ਵੈੱਬਸਾਈਟ ਤੇ ਜਾ ਕੇ ਵੀ ਪੜ੍ਹ ਸਕਦੇ ਹੋ ਅਤੇ ਇਸਨੂੰ ਡਾਊਨਲੋਡ ਕਰਕੇ ਵੀ ਬਰਕਤ ਪਾ ਸਕਦੇ ਹੋ।

ਬੁਲਾਵੇ ਦੀ ਗੂੰਜ ਲਈ ਤੁਹਾਡੀਆਂ ਚਿੱਠੀਆਂ, ਪ੍ਰਾਰਥਨਾ ਬੇਨਤੀਆਂ ਅਤੇ ਆਰਥਿਕ ਸਹਾਇਤਾ (ਡਿਮਾਂਡ ਡ੍ਰਾਫਟ, ਚੈੱਕ, ਮਨੀ ਆਡਰ ਆਦਿ ਰਾਹੀ) ਤੁਸੀਂ ਹੇਠ ਲਿਖੇ ਪਤੇ ਤੇ ਭੇਜ ਸਕਦੇ ਹੋ।

ਕਿਰਪਾ ਕਰਕੇ ਅੱਪਡੇਟ ਲਈ ਤੁਹਾਡੇ ਫ਼ੋਨ ਨੰ:/ ਮੋਬਾਇਲ ਨੰ: ਅਤੇ ਈਮੇਲ ਪਤੇ ਸਾਨੂੰ ਭੇਜੋ।

**ECHO OF HIS CALL**
10,MOHAMMED ABDULLAH 2ND STREET, CHEPAUK,
CHENNAI – 600 005, INDIA
Ph. No.: (+91-44) 2852 8282, 2852 9293, 2854 7766
Cell : (+91)98410 71852, 95661 31858
E-Mail : sam@echoofhiscall.org / biblecor@yahoo.co.in
Websites : www.echoofhiscall.org / www.echoofhiscall.com

ਤੁਸੀਂ ਆਪਣੇ ਅਨੁਦਾਨ ਆਨਲਾਈਨ ਵੀ ਭੇਜ ਸਕਦੇ ਹੋ

## ਕਿਰਪਾ ਕਰਕੇ ਸਾਡੇ ਮੁੱਖ ਦਫਤਰ ਦੀਆਂ ਸੇਵਾਕਾਈਆਂ ਲਈ ਪ੍ਰਾਰਥਨਾ ਕਰੋ

1. ਪ੍ਰਾਰਥਨਾ ਸਭਾ : 24 ਘੰਟੇ
2. ਬਾਈਬਲ ਕੋਰ - ਬਾਈਬਲ ਪੱਤਰਵਿਵਹਾਰ ਕੋਰਸ : ਅੰਗਰੇਜੀ, ਤਮਿਲ ਅਤੇ ਹਿੰਦੀ
3. ਬੁਲਾਵੇ ਦੀ ਗੂੰਜ - ਮਹੀਨੇਵਾਰ ਪੱਤ੍ਰਿਕਾ : ਅੰਗਰੇਜੀ, ਤਾਮਿਲ, ਮਲਿਆਲਮ, ਤੇਲਗੂ, ਹਿੰਦੀ, ਕੰਨੜਾ, ਮਰਾਠੀ, ਗੁਜਰਾਤੀ, ਬੰਗਾਲੀ, ਉੜੀਆ, ਨੇਪਾਲੀ, ਅਸਾਮੀ, ਪੰਜਾਬੀ ਉਰਦੂ, ਸਿਨਹਾਲਾ ਅਤੇ ਅਫਰੀਕਨ
4. ਨਹੇਮੀਆਹ ਬਾਈਬਲ ਕਾਲਜ (ਦੋ ਸੈਂਟਰ)
5. ਥਿਓਲੋਜਿਕਲ ਪੱਤਰਵਿਵਹਾਰ ਕਾਲਜ ਅੰਗਰੇਜੀ ਅਤੇ ਤਾਮਿਲ
6. ਮਹਾਨ ਉਦੇਸ਼ ਸਹਿਭਾਗੀ
7. ਟ੍ਰੇਨਿੰਗ ਪ੍ਰੋਗਰਾਮ
8. ਕਰੂਸੇਡ
9. ਲਿਟਰੇਚਰ ਵੰਡਣਾ ਅਤੇ ਫਾਲੋਅਪ
10. ਇੰਜੀਲ ਦੀ ਪ੍ਰਿੰਟਿਗ ਪ੍ਰੈੱਸ : ਪ੍ਰਕਾਸ਼ਨ
11. ਸੰਤ ਪੌਲੂਸ ਮੈਟ੍ਰੀਕੁਲੇਸ਼ਨ ਸਕੂਲ - ਵਿਲੇਜ ਇੰਗਲਿਸ਼ ਹਾਈ ਸਕੂਲ
12. ਸੰਡੇ ਸਕੂਲ : ਸਵੇਰੇ 8.30 ਸ਼ਾਮ 4.00 ਐਤਵਾਰ
13. ਤਾਮਿਲ ਸਭਾ : ਸਵੇਰੇ 5.30 - 7.00 ਅਤੇ 10.00 ਐਤਵਾਰ
14. ਤੇਲਗੂ : ਸ਼ਾਮ 4.00 ਐਤਵਾਰ
15. ਹਿੰਦੀ ਸਭਾ : ਸ਼ਾਮ 5.00 ਐਤਵਾਰ
16. ਮਲਿਆਲਮ ਸਭਾ : ਸ਼ਾਮ 2.00 ਐਤਵਾਰ
17. ਅੰਗਰੇਜੀ ਅਤੇ ਤਾਮਿਲ : ਸ਼ਾਮ 6.00 ਐਤਵਾਰ
18. ਪਾਸਟਰ ਕੌਂਸਲਿੰਗ : ਸ਼ਾਮ 4.00 ਐਤਵਾਰ
19. ਔਰਤਾਂ ਲਈ ਪ੍ਰਾਰਥਨਾ : ਸ਼ਾਮ 5.30 ਬੁੱਧਵਾਰ
20. ਮੱਧ ਹਫਤਾ ਬਾਈਬਲ ਅਧਿਅਨ: ਸ਼ਾਮ 6.30 ਬੁੱਧਵਾਰ
21. ਆਦਮੀਆਂ ਲਈ ਪ੍ਰਾਰਥਨਾ : ਸ਼ਾਮ 7.00 ਸ਼ੁੱਕਰਵਾਰ
22. ਕਾਮਿਆਂ ਲਈ ਪ੍ਰਾਰਥਨਾ : ਸ਼ਾਮ 6.00 ਸ਼ਨੀਵਾਰ
23. ਘਰੇਲੂ ਪ੍ਰਾਰਥਨਾ : ਸ਼ਾਮ 6.30 ਮੰਗਲਵਾਰ ਅਤੇ ਵੀਰਵਾਰ
24. ਖਾਸ ਪ੍ਰਭੂ ਭੋਜ : ਸਵੇਰੇ 5.30 ਹਰ ਮਹੀਨੇ ਦੇ ਪਹਿਲੇ ਦਿਨ
25. ਸੇਵਕਾਂ ਦਾ ਨਿਰੀਖਣ ਸਭਾ : 5.30 ਪਹਿਲੇ ਸ਼ਨੀਵਾਰ
26. ਮਾਪਿਆਂ ਲਈ ਪ੍ਰਾਰਥਨਾ : ਸ਼ਾਮ 4.00 ਪਹਿਲੇ ਐਤਵਾਰ
27. ਰਾਤ ਦੀ ਪ੍ਰਾਰਥਨਾ : ਸ਼ਾਂਮ 9.30 ਦੂਜੇ ਸ਼ੁਕਰਵਾਰ
28. ਰੋਜਾ ਪ੍ਰਾਰਥਨਾ : ਸ਼ਾਮ 9.30 ਪਹਿਲੇ ਸ਼ਨੀਵਾਰ
29. ਪ੍ਰਭੂ ਭੋਜ : ਦੂਜੇ ਐਤਵਾਰ ਦੀ ਸਭਾ
30. ਸਵੇਰ ਦੀ ਅਰਾਧਨਾ : ਸਵੇਰੇ 5.00 ਰੋਜਾਨਾ
31. ਸਟਾਫ ਦੀ ਅਰਾਧਨਾ : ਸਵੇਰੇ 9.00 ਰੋਜਾਨਾ
32. ਦਫਤਰ : ਸਵੇਰੇ 9.00 ਤੋਂ ਸ਼ਾਮ 9.00 (ਐਤਵਾਰ ਛੱਡ ਕੇ)

**RNI NO. 2000/1914**
**Postal Regn. No. TN/CH/(C)/192/18-20**
**WPP NO. TN/PMG(CCR) / WPP- 263/18-20**
**Date of Publication: Third week of every month**
**Date of Posting : 19th & 20th of every month**
**Posted at "Egmore RMS / 1 Patrika Channel"**
**on 20th FEBRUARY 2020**
**If un-delivered please return to:**
**ECHO OF HIS CALL (PUNJABI)**
**P.O. Box No. 2957,**
**Chepauk, Chennai - 600 005, INDIA.**
**Phone: (+ 91- 44) 2852 8282, 2852 9293, 2854 7766**

***JESUS LOVES YOU!***

To

*GOD BLESS YOU!*

Owned and published by **S. Sam Selva Raj** from No.10, Mohammed Abdullah Street, Chepauk, Chennai-600 005 and printed by him at **Echo of His Call Printers** No. 10, Mohammed Abdullah Street, Chepauk, Chennai-600 005. Editor: **S. Sam Selva Raj.**